ਕੈਨੇਡਾ ਦਰਪਣ

ਅਪ੍ਰੈਲ 11, 1986

April 11, 1986

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

ਕੈਨੇਡਾ ਦਰਪਣ

The Canada Darpan Punjabi Weekly Newspaper

Weekending April 11, 1986 Vol. 5 No. 14 Price 35¢ Out of Greater Vancouver 50¢ Ph. (604)581-4473

ਅੰਦਰ ਪੜ੍ਹੋ :-

ਪੰਜਾਬ ਵਿਚ 4 ਦਿਨਾਂ ਵਿਚ 42 ਕਤਲ

ਦਹਿਸ਼ਤਪਸੰਦੀ ਵਿਰੁੱਧ ਲੜਾਈ ਜੰਗੀ ਪੱਧਰ 'ਤੇ

ਠਾਕਰ ਸਿੰਘ ਨੇ ਫੈਡਰੇਸ਼ਨ ਨਾਲੋਂ ਸਬੰਧ ਤੋੜ ਲਏ

ਚੰਡੀਗੜ੍ਹ — ਨਕੋਦਰ ਦੇ ਪਿੰਡਾਂ ਵਿਚ ਦਹਿਸ਼ਤਪਸੰਦਾਂ ਨੇ ਪੂਰੀ ਰਾਤ ਗੋਲੀਆਂ ਚਲਾਈਆਂ ਜਿਸ ਵਿਚ 12 ਵਿਅਕਤੀ ਕਤਲ ਕੀਤੇ ਗਏ ਅਤੇ ਇਕ ਬੱਚਾ ਬੁਰੀ ਤਰ੍ਹਾਂ ਜ਼ਖਮੀ ਹੋਇਆ। ਦਹਿਸ਼ਤਪਸੰਦ ਪਿੰਡਾਂ ਵਿਚ ਜੀਪ ਉਤੇ ਘੁੰਮਦੇ ਰਹੇ ਅਤੇ ਅੰਧਾ ਧੁੰਧ ਗੋਲੀਆਂ ਚਲਾਉਂਦੇ ਰਹੇ।

ਖਬਰਾਂ ਅਨੁਸਾਰ ਇਹ ਅੱਠ ਦਹਿਸ਼ਤਪਸੰਦਾਂ ਦਾ ਇਕ ਟੋਲਾ ਸੀ ਜੋ ਲੁਧਿਆਣੇ ਵਿਚ 16 ਕਤਲ ਕਰਨ ਤੋਂ ਪਿਛੋਂ ਨਕੋਦਰ ਦੇ ਪਿੰਡਾਂ ਵਿਚ ਆ ਵੜਿਆ। ਤਿੰਨਾਂ ਪਿੰਡਾਂ ਵਿਚ ਲਗਾਤਾਰ ਗੋਲੀਆਂ ਚਲਦੀਆਂ ਰਹੀਆਂ।

ਇਸ ਟੋਲੇ ਦੇ ਦੋ ਦਹਿਸ਼ਤਪਸੰਦ ਪਾਂਛਟਾਂ ਪਿੰਡ ਮਾਰੇ ਗਏ ਅਤੇ ਪੰਜ ਗ੍ਰਿਫਤਾਰ ਕਰ ਲਏ ਗਏ ਹਨ। ਕੇਵਲ ਇਕ ਦਹਿਸ਼ਤਪਸੰਦ ਮਫਰੂਰ ਹੈ। ਪਾਂਛਟਾਂ ਪਿੰਡ ਫਗਵਾੜੇ ਦੇ ਕੋਲ ਹੈ।

ਪਿਛਲੇ ਚਾਰ ਦਿਨ ਇਸ ਦਹਿਸ਼ਤਪਸੰਦ ਟੋਲੇ ਨੇ ਪੰਜਾਬ ਦੇ ਲੋਕਾਂ ਦੀ ਨੀਂਦ ਹਰਾਮ ਕਰ ਦਿੱਤੀ।

ਬਰਨਾਲਾ ਰਾਜੀਵ ਗਾਂਧੀ ਨੂੰ ਮਿਲੇ

30 ਮਾਰਚ ਨੂੰ ਪੰਜਾਬ ਦੇ ਮੁੱਖ ਮੰਤਰੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਮਿਲੇ ਅਤੇ ਪੰਜਾਬ ਦੀ ਹਾਲਾਤ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਦਹਿਸ਼ਤਪਸੰਦੀ ਨੂੰ ਨੱਥ ਪਾਉਣ ਲਈ ਨਵੀਂ ਨੀਤੀ ਅਖਤਿਆਰ ਕੀਤੀ ਗਈ ਹੈ

ਪੰਜਾਬ ਵਿਚ ਦਿਨ ਰਾਤ ਪੁਲਸ ਅਤੇ ਨੀਮ-ਫੌਜੀ ਦਸਤੇ ਪਿੰਡਾਂ ਅਤੇ ਸ਼ਹਿਰਾਂ ਵਿਚ ਘੁੰਮ ਰਹੇ ਹਨ। ਦਹਿਸ਼ਤਪਸੰਦਾਂ ਨੂੰ ਫੜਨ ਲਈ ਸਪੈਸ਼ਲ ਫੋਰਸ ਤਾਈਨਾਤ ਕਰ ਦਿਤੀ ਗਈ ਹੈ।

ਅਰਜਨ ਸਿੰਘ ਤੇ ਅਰੁਣ ਨਹਿਰੂ ਦੀ ਮੁਲਾਕਾਤ

ਪੰਜਾਬ ਦੇ ਸਾਬਕਾ ਗਵਰਨਰ ਸ੍ਰੀ ਅਰਜਨ ਸਿੰਘ ਅਤੇ ਕੇਂਦਰੀ ਮੰਤਰੀ ਸ੍ਰੀ ਅਰੁਣ ਨਹਿਰੂ ਨੇ ਆਪਣੇ ਪੰਜਾਬ ਦੌਰੇ ਬਾਰੇ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਉਹ ਪੰਜਾਬ ਦੇ ਮੁੱਖ ਮੰਤਰੀ ਵਲੋਂ ਅਮਨ ਬਹਾਲ ਕਰਨ ਲਈ ਚੁੱਕੇ ਕਦਮਾਂ ਨਾਲ ਸੰਤੁਸ਼ਟ ਹਨ।



ਨਕੋਦਰ ਦੇ ਪਿੰਡਾਂ ਵਿਚ ਅਤਿਵਾਦੀਆਂ ਵਲੋਂ ਕਤਲੇਆਮ

ਦਿੱਲੀ ਵਿਚ ਸਿੱਖਾਂ ਅਤੇ ਹਿੰਦੂਆਂ ਵਲੋਂ ਸਾਂਝੀ ਹੜਤਾਲ

ਦਿੱਲੀ ਦੇ ਸਾਰੇ ਬਾਜ਼ਾਰ ਬੰਦ ਰਹੇ

ਨਵੀਂ ਦਿੱਲੀ — ਮੰਗਲਵਾਰ ਨੂੰ ਪੰਜਾਬ ਵਿਚ ਭੜਕੀ ਹਿੰਸਾ ਵਿਰੁੱਧ ਰਾਜਧਾਨੀ ਦੇ ਹਿੰਦੂਆਂ ਅਤੇ ਸਿੱਖਾਂ ਨੇ ਰਲਕੇ ਹੜਤਾਲ ਕੀਤੀ। ਰਾਜਧਾਨੀ ਵਿਚ ਸਾਰੀਆਂ ਦੁਕਾਨਾਂ ਬੰਦ ਰਹੀਆਂ। ਇਸ ਹੜਤਾਲ ਦਾ ਆਯੋਜਨ ਭਾਰਤ ਦੀਆਂ ਸਾਰੀਆਂ ਮੁੱਖ ਪਾਰਟੀਆਂ — ਕਾਂਗਰਸ (ਆਈ), ਭਾਰਤੀਆ ਜਨਤਾ ਪਾਰਟੀ, ਸੀ. ਪੀ. ਐਮ., ਸੀ. ਪੀ. ਆਈ., ਜਨਤਾ ਪਾਰਟੀ, ਸ਼ਰੋਮਣੀ ਅਕਾਲੀ ਦਲ।

ਦਿੱਲੀ ਵਿਚ ਪਾਰਲੀਮੈਂਟ ਹਾਊਸ ਸਾਹਮਣੇ ਲੱਖਾਂ ਲੋਕਾਂ ਨੇ ਮੁਜ਼ਾਹਰਾ ਕਰਦਿਆਂ ਮੰਗ ਕੀਤੀ ਕਿ ਪੰਜਾਬ ਵਿਚ ਕਤਲੋਗਾਰਤ ਨੂੰ ਰੋਕਿਆ ਜਾਵੇ ਅਤੇ ਹਿੰਸਾ ਦੀ ਲਹਿਰ ਦਾ ਖਾਤਮਾ ਕੀਤਾ ਜਾਵੇ।

ਭਾਰਤ ਦੇ ਗ੍ਰਹਿ ਮੰਤਰੀ ਨਰਸਿਮਹਾ ਰਾਓ ਨੇ ਮੰਗ ਪੱਤਰ ਲੈਂਦਿਆਂ ਲੋਕਾਂ ਦੀ ਭੀੜ ਨੂੰ ਵਾਅਦਾ ਦਿਤਾ ਕਿ ਪੰਜਾਬ ਦੀ ਅਕਾਲੀ ਸਰਕਾਰ ਲੋਕਾਂ ਦੀ ਚੁਣੀ ਹੋਈ ਸਰਕਾਰ ਹੈ ਅਤੇ ਉਸ ਨੂੰ ਹਿੰਸਾ ਖਤਮ ਕਰਨ ਲਈ ਹਰ ਤਰ੍ਹਾਂ ਦੀ ਮੱਦਦ ਮੁਹੱਈਆ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਮੰਗ ਉਤੇ ਨੀਮ-ਫੌਜੀ ਦਸਤੇ ਭੇਜੇ ਗਏ ਹਨ ਅਤੇ ਜੇ ਲੋੜ ਪਈ ਤਾਂ ਹੋਰ ਦਸਤੇ ਵੀ ਭੇਜੇ ਜਾਣਗੇ।

ਰਾਜੀਵ ਗਾਂਧੀ ਵਲੋਂ ਵਿਰੋਧੀ ਪਾਰਟੀਆਂ ਨਾਲ ਮਸ਼ਵਰਾ

ਸ੍ਰੀ ਰਾਜੀਵ ਗਾਂਧੀ ਨੇ ਦੇਸ਼ ਪੱਧਰ ਦੀਆਂ ਪਾਰਟੀਆਂ ਦੇ ਨੇਤਾਵਾਂ ਨਾਲ ਵੀ ਮੁਲਾਕਾਤ ਕੀਤੀ ਤੇ ਕਿਹਾ ਕਿ ਦਹਿਸ਼ਤਪਸੰਦੀ ਨਾਲ ਨਜਿੱਠਣ ਲਈ ਸਭ ਦੇ ਸਹਿਯੋਗ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਿਸੇ ਪਾਰਟੀ ਨੂੰ ਅਜੋਕੀ ਹਾਲਤ ਤੋਂ ਲਾਭ ਉਠਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ।

ਸ੍ਰੀ ਗਾਂਧੀ ਨੇ ਕਿਹਾ ਕਿ ਕੁਝ ਦੇਸ਼ ਸਾਡੀ ਆਜ਼ਾਦੀ ਨੂੰ ਰੌਂਦਣ ਲਈ ਤਤਪਰ ਹਨ ਅਤੇ ਭਾਰਤ ਦੇ ਰੋਲ ਨੂੰ ਤੀਜੀ ਦੁਨੀਆਂ ਵਿਚ ਖਤਮ ਕਰਨ ਲਈ ਪੂਰਾ ਜ਼ੋਰ ਲਾ ਰਹੇ ਹਨ।

ਸਿਖ ਸੰਸਥਾਵਾਂ ਵਲੋਂ ਕਤਲਾਂ ਦੀ ਨਿਖੇਧੀ

ਦੇਸ਼ ਵਿਚ ਵੱਖ ਵੱਖ ਸੂਬਿਆਂ ਦੀਆਂ ਸਿੱਖ ਜਥੇਬੰਦੀਆਂ ਨੇ ਪੰਜਾਬ ਵਿਚ ਪਿਛਲੇ ਦਿਨਾਂ ਵਿਚ ਹੋਏ ਕਤਲਾਂ ਦੀ ਨਿਖੇਧੀ ਕੀਤੀ ਹੈ। ਦਿੱਲੀ ਵਿਚ ਬੰਗਲਾ ਸਾਹਿਬ ਗੁਰਦੁਆਰੇ ਵਿਚ ਹੋਏ ਇਕ ਇਕੱਠ ਵਿਚ ਦਿੱਲੀ ਦੇ ਸਿੱਖ ਲੀਡਰਾਂ ਨੇ ਕਿਹਾ ਕਿ ਦੇਸ਼-ਵਿਰੋਧੀ ਅਨਸਰ ਪੰਜਾਬ ਵਿਚ ਹਿੰਸਾ ਲਈ ਜ਼ਿੰਮੇਂਵਾਰ ਹਨ। ਬੰਗਲੌਰ, ਬੰਬਈ ਅਤੇ ਅਹਿਮਦਾਬਾਦ ਦੀਆਂ ਸਿੰਘ ਸਭਾਵਾਂ ਨੇ ਵੀ ਕਤਲਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਸੂਬੇ ਵਿਚ ਸ਼ਾਂਤੀ ਦਾ ਮਾਹੌਲ ਬਣਾਇਆ ਜਾਣਾ ਜ਼ਰੂਰੀ ਹੈ। ਆਂਧਰਾ ਪ੍ਰਦੇਸ਼ ਦੀਆਂ ਸਿੱਖ ਸੰਗਤਾਂ ਨੇ ਕਿਹਾ ਕਿ ਸਮਾਜ-ਵਿਰੋਧੀ ਅਨਸਰ ਨਾਲ ਕਰੜੇ ਹੱਥੀਂ ਨਜਿਠਿਆ ਜਾਣਾ ਚਾਹੀਦਾ ਹੈ ਤਾਂਕਿ ਪੰਜਾਬ ਵਿਚ ਵਾਪਰੀਆਂ ਘਟਨਾਵਾਂ ਦਾ ਦੇਸ਼ ਦੇ ਦੂਜਿਆਂ ਸੂਬਿਆਂ ਵਿਚ ਵਸਦੇ ਸਿੱਖਾਂ ਉਤੇ ਮਾਰੂ ਪ੍ਰਭਾਵ ਨਾ ਪਵੇ।

ਤਾਮਿਲਨਾਡੂ ਦੀਆਂ ਸਿੱਖ ਜਥੇਬੰਦੀਆਂ ਨੇ ਵੀ ਕਿਹਾ ਹੈ ਕਿ ਸੂਬੇ ਵਿਚ ਜਲਦੀ ਹਾਲਾਤ ਸੁਧਾਰੇ ਜਾਣ ਦੀ ਲੋੜ ਹੈ।

ਕਲਕੱਤੇ ਦੀਆਂ ਸਿੱਖ ਜਥੇਬੰਦੀਆਂ ਵਲੋਂ ਨਿਖੇਧੀ

ਪੱਛਮੀ ਬੰਗਾਲ ਦੀਆਂ ਚਾਰ ਸਿੱਖ ਜਥੇਬੰਦੀਆਂ ਨੇ ਆਪਣੀ ਇਕ ਸਾਂਝੀ ਮੀਟਿੰਗ ਵਿਚ ਕਿਹਾ ਕਿ ਦਹਿਸ਼ਤਪਸੰਦਾਂ ਵਿਰੁੱਧ ਸਖਤ ਕਦਮ ਚੁਕੇ ਜਾਣੇ ਚਾਹੀਦੇ ਹਨ। ਦਸਮੇਸ਼ ਨੌਜਵਾਨ ਸਭਾ ਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਅਤੇ ਖਾਲਸਾ ਬਰਾਦਰੀ ਆਫ ਦਿੱਲੀ ਸੰਸਥਾਵਾਂ ਨੇ ਆਪਣੇ ਵੱਖਰੇ ਵੱਖਰੇ ਬਿਆਨਾਂ ਵਿਚ ਪੰਜਾਬ ਵਿਚ ਵਾਪਰੀਆਂ ਦੁਖਦਾਇਕ ਘਟਨਾਵਾਂ ਉਤੇ ਅਫਸੋਸ ਪ੍ਰਗਟ ਕਰਦਿਆਂ ਅਪੀਲ ਕੀਤੀ ਹੈ ਕਿ ਅਮਨ ਬਹਾਲ ਕੀਤਾ ਜਾਣਾ ਜ਼ਰੂਰੀ ਹੈ। ਹਿੰਦੂ ਸਿੱਖ ਏਕਤਾ ਮੰਚ ਨੇ ਕਿਹਾ ਹੈ ਕਿ ਪੰਜਾਬ ਸਰਕਾਰ ਦੇ ਹੱਥ ਮਜ਼ਬੂਤ ਕੀਤੇ ਜਾਣੇ ਚਾਹੀਦੇ ਹਨ ਤਾਕਿ ਦਹਿਸ਼ਤਪਸੰਦੀ ਖਤਮ ਹੋਵੇ।

ਯੂਨੀਵਰਸਿਟੀਆਂ ਦੇ ਇਮਤਿਹਾਨ ਮੁਲਤਵੀ

ਪੰਜਾਬ ਯੂਨੀਵਰਸਿਟੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਆਪਣੇ ਇਸ ਹਫਤੇ ਸ਼ੁਰੂ ਹੋਣ ਵਾਲੇ ਇਮਤਿਹਾਨ ਅੱਗੇ ਪਾ ਦਿਤੇ ਹਨ।

ਯੂ. ਪੀ. ਤੇ ਗੁਜਰਾਤ ਵਿਚ ਹਿੰਦੂ-ਮੁਸਲਿਮ ਫਸਾਦ

ਲਖਨਊ — ਯੂ. ਪੀ. ਦੇ ਸ਼ਾਹਜ਼ਹਾਰ, ਪੀਲੀਭੀਤ, ਨਿਉੜਾ ਅਤੇ ਨਹਿਤਾਉੜ ਸ਼ਹਿਰਾਂ ਵਿਚ ਹਿੰਦੂ-ਮੁਸਲਿਮ ਫਸਾਦਾਂ ਕਾਰਨ ਕਰਫਿਊ ਅਜੇ ਵੀ ਲਾਗੂ ਹੈ ਪਰ ਕਿਸੇ ਮਾੜੀ ਘਟਨਾ ਦੀ ਖਬਰ ਨਹੀਂ ਹੈ।

ਅਹਿਮਦਾਬਾਦ ਵਿਚ ਕਾਲੂਪੁਰ ਹਲਕੇ ਵਿਚ ਕਰਫਿਊ ਹੈ ਪਰ ਹਾਲਾਤ ਕਾਬੂ ਹੇਠ ਹਨ।

ਰਾਤ ਕਹਿੰਦਾ ਸੀ ਬਣਾਂਗਾ ਮੰਤਰੀ,
ਦੇ ਗਿਆ ਤੜਕੇ ਵਿਗੋਚਾ ਦੋਸਤੋ।

ਸੁਰਜੀਤ ਸਿੰਘ ਬਰਨਾਲਾ ਦਿੱਲੀ ਵਿਚ

ਨਵੀਂ ਦਿੱਲੀ — ਪਿਛਲੇ ਦਿਨ ਪੰਜਾਬ ਦੇ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਇਥੇ ਆਏ ਅਤੇ ਪੰਜਾਬ ਵਿਚ ਹਿੰਸਾਤਮਕ ਘਟਨਾਵਾਂ ਨੂੰ ਠੱਲ ਪਾਉਣ ਲਈ ਕੇਂਦਰੀ ਨੇਤਾਵਾਂ ਨਾਲ ਗਲਬਾਤ ਕੀਤੀ। ਉਹ ਕੇਂਦਰੀ ਗ੍ਰਹਿ ਮੰਤਰੀ ਸ੍ਰੀ ਨਰਸਿਮਹਾ ਰਾਓ ਨੂੰ ਇਕ ਘੰਟੇ ਲਈ ਮਿਲੇ। ਕੇਂਦਰੀ ਗ੍ਰਹਿ ਮੰਤਰੀ ਨੇ ਸ: ਬਰਨਾਲਾ ਨੂੰ ਭਰੋਸਾ ਦਿਵਾਇਆ ਕਿ ਅਜਿਹੇ ਕਦਮ ਚੁਕੇ ਗਏ ਹਨ ਜਿਨ੍ਹਾਂ ਨਾਲ ਪੰਜਾਬ ਤੋਂ ਬਾਹਰ ਸਿਖ ਘੱਟ-ਗਿਣਤੀ ਨੂੰ ਕੋਈ ਖਤਰਾ ਪੇਸ਼ ਨਾ ਆਵੇ। ਸ੍ਰੀ ਰਾਓ ਨੇ ਦਿੱਲੀ ਵਿਚ ਚੁਕੇ ਗਏ ਕਦਮਾਂ ਦੀ ਜਾਣਕਾਰੀ ਸ: ਬਰਨਾਲਾ ਨੂੰ ਦਿਤੀ

ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਸ: ਬਰਨਾਲਾ ਨੇ ਕਿਹਾ ਕਿ ਪੰਜਾਬ ਦੇ ਕਾਂਗਰਸੀ ਨੇਤਾ ਅਤਿਵਾਦੀਆਂ ਨੂੰ ਹੱਲਾਸ਼ੇਰੀ ਦੇ ਕੇ ਅਕਾਲੀ ਸਰਕਾਰ ਨੂੰ ਤੋੜਨਾ ਚਾਹੁੰਦੇ ਹਨ ਪਰ ਅਜਿਹੀ ਸਾਜ਼ਸ਼ ਕਾਮਯਾਬ ਨਹੀਂ ਹੋਣ ਦਿਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਸਾਬਕਾ ਗਵਰਨਰ ਸ੍ਰੀ ਅਰਜਨ ਸਿੰਘ ਅਤੇ ਅੰਦਰੂਨੀ ਸੁਰੱਖਿਆ ਮੰਤਰੀ ਸ੍ਰੀ ਅਰੁਨ ਨਹਿਰੂ ਉਨ੍ਹਾਂ ਨੂੰ ਚੰਡੀਗੜ੍ਹ ਵਿਚ ਮਿਲੇ ਸਨ ਅਤੇ ਉਨ੍ਹਾਂ ਜ਼ੋਰ ਦਿਤਾ ਕਿ ਕੇਂਦਰ ਸਰਕਾਰ ਪੰਜਾਬ ਸਮਝੌਤੇ ਨੂੰ ਇੰਨ ਬਿੰਨ ਲਾਗੂ ਕਰੇ ਤਾਂ ਹੀ ਪੰਜਾਬ ਵਿਚੋਂ ਹਿੰਸਾ ਖਤਮ ਹੋ ਸਕਦੀ ਹੈ।

ਸ: ਬਰਨਾਲਾ ਨੇ ਪੱਤਰਕਾਰਾਂ ਨੂੰ ਕਿਹਾ ਕਿ ਉਹ ਪੰਜਾਬ ਪੁਲਸ ਦੀ ਕਾਰਗੁਜ਼ਾਰੀ ਨਾਲ ਸੰਤੁਸ਼ਟ ਨਹੀਂ ਅਤੇ ਉਹ ਪੁਲਸ ਦੀ ਢਿਲਮੱਠ ਨੂੰ ਹੋਰ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਤਬਦੀਲੀਆਂ ਕਰਨੀਆਂ ਲਾਜ਼ਮੀ ਹਨ।

ਪੰਜਾਬ ਦਾ ਆਈ. ਜੀ. ਤਬਦੀਲ

ਚੰਡੀਗੜ੍ਹ — ਪੰਜਾਬ ਦੇ ਮੁੱਖ ਮੰਤਰੀ ਨੇ ਇਥੇ ਦੱਸਿਆ ਕਿ ਪੰਜਾਬ ਦੇ ਪੁਲਸ ਮੁਖੀ ਸ੍ਰੀ ਧਾਲੀਵਾਲ ਨੂੰ ਹਟਾ ਕੇ ਉਨ੍ਹਾਂ ਦੀ ਥਾਂ ਮਹਾਂਰਾਸ਼ਟਰ ਦੇ ਪੁਲਸ ਮੁੱਖੀ ਸ੍ਰੀ ਜੂਲੀਓ ਰੀਊਰੋ ਨੂੰ ਨਵਾਂ ਪੁਲਸ ਮੁਖੀ ਨੀਯਤ ਕਰ ਦਿਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਸ ਮਹਿਕਮੇ ਦੀ ਕਾਰਗੁਜ਼ਾਰੀ ਤੋਂ ਉਹ ਖੁਸ਼ ਨਹੀਂ ਹਨ। ਉਨ੍ਹਾਂ ਕਿਹਾ ਕਿ ਪੁਲਸ ਪ੍ਰਬੰਧ ਠੀਕ ਕਰਨ ਲਈ ਸਖਤ ਕਦਮ ਚੁਕੇ ਜਾ ਰਹੇ ਹਨ।

ਅੰਬਰਾਂ ਵਿਚ ਨੇ ਕਪਾਹਾਂ ਖਿੜਦੀਆਂ,
ਧਰਤ ਉੱਤੇ ਈ ਸੋਕਾ ਦੋਸਤੋ।

ਬੇਨਜ਼ੀਰ ਭੁੱਟੋ ਪਾਕਿ-ਸਤਾਨ ਜਾਵੇਗੀ

ਨੀਊਯਾਰਕ — ਪਾਕਿਸਤਾਨ ਪੀਪਲਜ਼ ਪਾਰਟੀ ਦੀ ਨੇਤਾ ਬੇਨਜ਼ੀਰ ਭੁੱਟੋ 10 ਅਪ੍ਰੈਲ ਨੂੰ ਵਾਪਸ ਲਾਹੌਰ ਜਾ ਰਹੀ ਹੈ। ਪਿਛਲੇ ਦੋ ਸਾਲ ਤੋਂ ਮਿਸ ਭੁਟੋ ਲੰਡਨ ਵਿਚ ਰਹਿ ਰਹੀ ਹੈ। ਮਾਰਸ਼ਲ ਲਾਅ ਹਟਾਏ ਜਾਣ ਤੋਂ ਪਿਛੋਂ ਮਿਸ ਭੁਟੋ ਨੇ ਪਾਕਿਸਤਾਨ ਜਾਣ ਦਾ ਫੈਸਲਾ ਕੀਤਾ ਹੈ।

ਮਿਸ ਭੁੱਟੋ ਦੇ ਸਾਥੀ ਬਸ਼ੀਰ ਰਿਆਜ਼ ਨੇ ਇਥੇ ਦੱਸਿਆ ਕਿ ਮਿਸ ਭੁਟੋ ਉਥੇ ਪਾਰਟੀ ਦੀਆਂ ਰੈਲੀਆਂ ਨੂੰ ਸੰਬੋਧਨ ਕਰੇਗੀ ਤਾਕਿ ਇਹ ਪਤਾ ਲਾਇਆ ਜਾ ਸਕੇ ਕਿ ਪਾਕਿਸਤਾਨ ਵਿਚ ਆਜ਼ਾਦੀ ਦਾ ਢੰਡੋਰਾ ਕਿੰਨਾ ਕੁ ਸੱਚਾ ਹੈ।

ਮਿਸ ਭੁੱਟੋ ਨੇ ਇਥੇ ਕਿਹਾ ਕਿ ਸਾਡੀ ਐਜੀਟੇਸ਼ਨ ਸ਼ਾਂਤਮਈ ਰਹੀ ਹੈ ਅਤੇ ਅੱਗੇ ਲਈ ਵੀ ਸ਼ਾਂਤਮਈ ਰਹੇਗੀ। ਜੇ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਇਸ ਦੀ ਜ਼ਿੰਮੇਵਾਰੀ ਪਾਕਿਸਤਾਨ ਸਿਰ ਹੋਵੇਗੀ।

ਮਿਸ ਭੁਟੋ ਨੇ ਕਿਹਾ ਕਿ ਉਸਨੂੰ ਖਬਰਾਂ ਮਿਲੀਆਂ ਹਨ ਕਿ ਪਾਕਿਸਤਾਨ ਹਕੂਮਤ ਉਸਨੂੰ ਕਤਲ ਕਰਨ ਦੀ ਵਿਉਂਤਾਂ ਬਣਾ ਰਹੀ ਹੈ। ਉਸਨੇ ਆਪਣੇ ਸ਼ੰਕੇ ਇਥੇ ਅਮਰੀਕੀ ਕਾਂਗਰਸ ਦੇ ਮੈਂਬਰਾਂ ਨੂੰ ਵੀ ਦੱਸੇ ਹਨ। ਉਸਨੇ ਕਿਹਾ ਕਿ ਪਾਕਿਸਤਾਨ ਦੇ ਲੋਕ ਡਿਕਟੇਟਰਸ਼ਿਪ ਤੋਂ ਤੰਗ ਆ ਚੁੱਕੇ ਹਨ। ਉਸਨੇ ਕਿਹਾ ਕਿ ਉਹ 10 ਅਪ੍ਰੈਲ ਤੋਂ ਡੇਢ ਮਹੀਨੇ ਲਈ 30 ਪਬਲਿਕ ਮੀਟਿੰਗਾਂ ਨੂੰ ਸੰਬੋਧਨ ਕਰੇਗੀ।

ਇੰਗਲੈਂਡ ਦਾ ਬਿਦੇਸ਼ ਸਕੱਤਰ ਦਿੱਲੀ ਵਿਚ

ਭਾਰਤ ਨਾਲ ਅਤਿਵਾਦੀਆਂ ਬਾਰੇ ਸੰਧੀ ਦੇ ਯਤਨ

ਨਵੀਂ ਦਿੱਲੀ — ਇੰਗਲੈਂਡ ਦੇ ਬਦੇਸ਼ ਸਕੱਤਰ ਸਰ ਜੋਫਰੀ ਹਾਓ ਇਸ ਸਮੇਂ ਦਿੱਲੀ ਵਿਚ ਹਨ। ਸਰ ਜ਼ੋਫਰੀ ਹਾਓ ਨਾਲ 18 ਵਿਅਕਤੀਆਂ ਦਾ ਇਕ ਡੈਲੀਗੇਸ਼ਨ ਵੀ ਹੈ ਜੋ ਇੰਗਲੈਂਡ ਵਿਚ ਅਤਿਵਾਦੀਆਂ ਅਤੇ ਭਾਰਤ ਵਿਰੁੱਧ ਸਰਗਰਮੀਆਂ ਵਿਚ ਰੁਝੇ ਹੋਏ ਵਿਅਕਤੀਆਂ ਦੇ ਭਾਰਤ ਵਾਪਸ ਲਿਆਉਣ ਸਬੰਧੀ ਸੰਧੀ ਬਾਰੇ ਖਰੜੇ ਨੂੰ ਅੰਤਮ ਰੂਪ ਦੇਵੇਗਾ।

ਸਰ ਜ਼ੋਫਰੀ ਹਾਓ ਨੇ ਕਿਹਾ ਕਿ ਬਰਤਾਨੀਆਂ ਭਾਰਤ ਨਾਲ ਵਪਾਰਕ ਸਬੰਧਾਂ ਨੂੰ ਹੋਰ ਵਧਾਉਣ ਲਈ ਉਤਸੁਕ ਹੈ।


ਗੁੰਮਸ਼ੁਦਾ ਜਹਾਜ਼ : ਜਾਂਚ ਦਾ ਹੁਕਮ

ਪਿਛਲੇ ਦਿਨੀਂ ਭਾਰਤੀ ਏਅਰ ਫੋਰਸ ਦੇ AN 32 ਯਾਤਰੀ ਜਹਾਜ਼ ਦੇ ਗੁੰਮ ਹੋ ਜਾਣ ਦੀ ਜਾਂਚ ਲਈ ਭਾਰਤ ਸਰਕਾਰ ਨੇ ਅਦਾਲਤੀ ਜਾਂਚ ਦਾ ਹੁਕਮ ਦੇ ਦਿਤਾ ਹੈ। ਯਾਦ ਰਹੇ ਕਿ ਇਹ ਜਹਾਜ਼ ਜੰਮੂ ਕਸ਼ਮੀਰ ਦੀਆਂ ਬਰਫਾਨੀ ਪਹਾੜੀਆਂ ਵਿਚ ਗੁੰਮ ਹੋ ਗਿਆ ਜਿਸ ਵਿਚ ਤਕਰੀਬਨ 19 ਯਾਤਰੀ ਸਨ ਸੰਦੇਹ ਹੈ ਕਿ ਇਹ ਬਰਫ ਵਿਚ ਕਿਤੇ ਦੁਰਘਟਨਾ ਗਰਸਤ ਹੋ ਗਿਆ ਹੈ ਤੇ ਸਾਰੇ ਯਾਤਰੀ ਮਾਰੇ ਗਏ ਹਨ। ਇਸ ਜਹਾਜ਼ ਵਿਚ ਸਫਰ ਕਰ ਰਹੇ 19 ਫੌਜੀਆਂ ਅਤੇ ਚਾਲਕ ਅਮਲੇ ਦੇ ਚਾਰ ਹਵਾਈ ਸੈਨਾਂ ਦੇ ਬੰਦੇ ਦੇ ਪਰਿਵਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਜਹਾਜ਼ ਦੀ ਭਾਲ ਵੱਡੀ ਪੱਧਰ ਤੇ ਜਾਰੀ ਹੈ ਤੇ ਮਾਹਿਰਾਂ ਦਾ ਕਹਿਣਾ ਹੈ ਕਿ ਸ਼ਾਇਦ ਜਹਾਜ਼ ਬਰਫ ਦੇ ਥੱਲੇ ਦੱਬਿਆ ਗਿਆ ਹੈ।

ਨਜਾਇਜ਼ ਸ਼ਰਾਬ ਦਾ ਧੰਦਾ ਜ਼ੋਰਾਂ 'ਤੇ

ਕਲਕੱਤਾ, (ਪੱਤਰ ਪ੍ਰੇਰਕ) - ਕਲਕੱਤੇ ਦਾ ਆਬਕਾਰੀ ਵਿਭਾਗ ਇਸ ਦੇ ਨਾਲ ਲਗਦੇ ਹੁਗਲੀ ਜ਼ਿਲੇ 'ਚ ਕੱਢੀ ਜਾਂਦੀ ਨਜਾਇਜ਼ ਦੇਸ਼ੀ ਸ਼ਰਾਬ ਤੋਂ ਬਹੁਤ ਚਿੰਤਤ ਹੈ। ਪੱਛਮੀ ਬੰਗਾਲ ਵਿਚ ਸਾਰੇ ਜ਼ਿਲਿਆਂ ਤੋਂ ਵੱਧ ਨਜਾਇਜ਼ ਸ਼ਰਾਬ' ਇਥੇ ਕੱਢੀ ਜਾਂਦੀ ਹੈ।

ਆਬਕਾਰੀ ਵਿਭਾਗ ਨੇ ਇਸ ਬਾਰੇ ਸਰਵੇ ਕਰਵਾਇਆ ਹੈ ਜਿਸ ਤੋਂ ਪਤਾ ਲੱਗਾ ਹੈ ਕਿ ਹੁਗਲੀ ਜ਼ਿਲੇ ਦੇ ਕਲਕੱਤੇ ਨਾਲ ਲਗਦੇ ਤਕਰੀਬਨ ਦਸ ਪਿੰਡਾਂ ਵਿਚ ਇਕ ਮਹੀਨੇ ਵਿਚ 14 ਲੱਖ ਲੀਟਰ ਦੇ ਕਰੀਬ ਇਹ ਸ਼ਰਾਬ ਤਿਆਰ ਕੀਤੀ ਜਾਂਦੀ ਹੈ ਜਿਸ ਦੇ ਕੇਵਲ 10 ਪ੍ਰਤੀਸ਼ਤ ਭਾਗ ਦੀ ਹੁਗਲੀ ਜ਼ਿਲੇ 'ਚ ਵਿਕਰੀ ਹੁੰਦੀ ਹੈ। ਬਾਕੀ ਸਾਰੀ ਸ਼ਰਾਬ ਕਲਕੱਤੇ ਸ਼ਹਿਰ ਵਿਚ ਆਉਂਦੀ ਹੈ।



ਪੰਜਾਬ ਦੇ ਦਸ ਸ਼ਹਿਰਾਂ ਵਿਚ ਕਰਫੀਊ

ਅੰਮ੍ਰਿਤਸਰ — ਮਾਰਚ 31(ਨਿਊਜ਼ ਸਰਵਿਸ)- 30 ਮਾਰਚ ਦੀ ਰਾਤ ਨੂੰ ਫਗਵਾੜਾ ਦੇ ਨੇੜੇ ਪੁਲੀਸ ਮੁਕਾਬਲੇ ਵਿਚ ਦੋ ਅਤਿਵਾਦੀ ਮਾਰੇ ਗਏ ਅਤੇ ਪੰਜ ਫੜੇ ਗਏ। ਪੰਜ ਵਿਅਕਤੀ ਜੋ ਹਿਰਾਸਤ ਵਿਚ ਲੈ ਲਏ ਹਨ ਨੇ ਇਕਬਾਲ ਕਰ ਲਿਆ ਹੈ ਕਿ ਉਹ 12 ਵਿਅਕਤੀਆਂ ਨੂੰ ਕਤਲ ਕਰਨ ਦੇ ਜ਼ਿੰਮੇਵਾਰ ਹਨ।

ਪੰਜਾਬ ਦੇ ਦਸ ਸ਼ਹਿਰਾਂ — ਜਲੰਧਰ, ਨਕੋਦਰ, ਗੁਰਦਾਸਪੁਰ, ਪਠਾਨਕੋਟ, ਬਟਾਲਾ, ਲੁਧਿਆਣਾ, ਖੰਨਾ, ਮੋਗਾ, ਮੁਕਤਸਰ, ਹੁਸ਼ਿਆਰਪੁਰ ਵਿਚ ਇਸ ਸਮੇਂ ਕਰਫੀਊ ਲਾਗੂ ਹੈ।

ਫਿਰਕੂ ਟਕਰਾਅ ਦੀ ਸਥਿਤੀ ਲੁਧਿਆਣਾ, ਜਲੰਧਰ, ਨਕੋਦਰ ਅਤੇ ਬਟਾਲਾ ਵਿਚ ਉਸੇ ਤਰ੍ਹਾਂ ਬਣੀ ਹੋਈ ਹੈ।

35,000 ਤੋਂ ਵੱਧ ਨੀਮ-ਫੌਜੀ ਦਸਤੇ, 34000 ਪੰਜਾਬ ਪੁਲਸ ਦੀ ਮੱਦਦ ਲਈ ਤਾਈਨਾਤ ਕੀਤੇ ਜਾ ਚੁਕੇ ਹਨ।

ਸੱਜ-ਪਿਛਾਖੜ ਪਾਰਟੀ ਦੇ ਇਕ ਲੀਡਰ ਸੁਰਿੰਦਰ ਡੋਗਰਾ ਨੇ ਕਿਹਾ ਹੈ ਕਿ 'ਹਿੰਦੂ ਹੋਰ ਕਤਲ ਸਹਿਣ ਨਹੀਂ ਕਰਨਗੇ' ਅਤੇ ਆਪਣੀ ਰੱਖਿਆ ਲਈ ਲੜਨਗੇ।

ਪੁਲਸ ਨੇ ਉਹ ਮੋਟਰ ਸਾਈਕਲ ਵੀ ਕਬਜ਼ੇ ਵਿਚ ਲੈ ਲਏ ਹਨ ਜਿਨ੍ਹਾਂ ਉਤੇ ਸਵਾਰ ਹੋ ਕੇ ਅਤਿਵਾਦੀਆਂ ਨੇ ਲੁਧਿਆਣੇ ਵਿਚ 16 ਕਤਲ ਕੀਤੇ ਸਨ ਅਤੇ ਨਕੋਦਰ ਦੇ ਇਲਾਕੇ ਵਿਚ ਬਾਰਾਂ ਕਤਲ ਕੀਤੇ ਹਨ।

ਅਤਿਵਾਦੀ ਨਕੋਦਰ ਨੇੜੇ ਇਕ ਪਿੰਡ ਦੇ ਬਾਹਰ ਟਿਊਬਵੈਲ ਉਤੇ ਫੜੇ ਗਏ।

ਪੱਤਰਕਾਰਾਂ ਅਨੁਸਾਰ ਹਿੰਦੂਆਂ ਦੇ ਕਤਲ ਇਸ ਲਈ ਕੀਤੇ ਗਏ ਤਾਕਿ ਕੇਂਦਰ ਸਰਕਾਰ ਬਰਨਾਲਾ ਸਰਕਾਰ ਨੂੰ ਨਾਅਹਿਲ ਕਰਾਰ ਦੇ ਕੇ ਡਿਸਮਿਸ ਕਰ ਦੇਵੇ। ਅਤਿਵਾਦੀਆਂ ਦੀ ਮੁੱਖ ਲੜਾਈ ਇਸ ਸਮੇਂ ਬਰਨਾਲਾ ਸਰਕਾਰ ਨੂੰ ਡੇਗਣ ਲਈ ਵਿੱਢੀ ਹੋਈ ਹੈ।

ਕਾਤਲ ਪੁਲਸ ਵਰਦੀਆਂ ਪਾਈ ਪੀਲੇ ਮੋਟਰ ਸਾਈਕਲਾਂ ਉਤੇ

ਲੁਧਿਆਣਾ — ਅਤਿਵਾਦੀਆਂ ਵਲੋਂ ਸਟੇਨਗੰਨਾਂ ਦੇ ਹਮਲੇ ਨਾਲ ਦਰੇਸੀ ਮੈਦਾਨ ਵਿਚ ਗੋਲੀ ਚਲਾਏ ਜਾਣ ਨਾਲ 16 ਵਿਅਕਤੀ ਮੌਕੇ ਉਤੇ ਹੀ ਮਾਰੇ ਗਏ ਅਤੇ 21 ਜ਼ਖਮੀ ਹੋਏ। ਅਤਿਵਾਦੀਆਂ ਨੇ ਪੁਲਸ ਵਰਦੀਆਂ ਪਾਈਆਂ ਹੋਈਆਂ ਸਨ ਅਤੇ ਉਹ ਪੁਲਸ ਵਾਲੇ ਪੀਲੇ ਮੋਟਰ ਸਾਈਕਲਾਂ ਉਤੇ ਸਵਾਰ ਸਨ। ਅਤਿਵਾਦੀਆਂ ਦੀ ਗਿਣਤੀ ਪੰਜ ਦੱਸੀ ਗਈ ਹੈ। ਦਰੇਸੀ ਮੈਦਾਨ ਤੋਂ ਗੋਲੀ ਚਲਾ ਕੇ ਉਹ ਸਬਜ਼ੀ ਮੰਡੀ ਵਿਚ ਤੁਰੇ ਜਾਂਦੇ ਲੋਕਾਂ ਉਤੇ ਗੋਲੀਆਂ ਚਲਾਉਂਦੇ ਰੇਲਵੇ ਸਟੇਸ਼ਨ ਲਾਗੇ ਖੜ੍ਹੇ ਦੋ ਵਿਅਕਤੀਆਂ ਨੂੰ ਵੀ ਮਾਰ ਗਏ।

ਅਧਿਕਾਰੀਆਂ ਵਲੋਂ ਉਸੇ ਸਮੇਂ ਲੁਧਿਆਣਾ ਵਿਚ ਕਰਫੀਊ ਲਗਾਉਣ ਦੀਆਂ ਹਦਾਇਤਾਂ ਜਾਰੀ ਕਰ ਦਿਤੀਆਂ ਗਈਆਂ ਪਰ ਹਿੰਦੂ ਦੁਕਾਨਦਾਰਾਂ ਦੀਆਂ ਭੀੜਾਂ ਨੇ ਕਾਰਾਂ ਨੂੰ ਅੱਗਾਂ ਲਾ ਦਿੱਤੀਆਂ ਅਤੇ ਪੁਲਸ ਸਟੇਸ਼ਨ ਉਤੇ ਜੋ ਕਿ ਦਰੇਸੀ ਗਰਾਊਂਡ ਤੋਂ ਕੇਵਲ 100 ਮੀਟਰ ਉਤੇ ਹੈ, ਪਥਰਾ ਕੀਤਾ।

ਇਹ ਖਬਰ ਪਹੁੰਚਣ ਉਤੇ ਖੰਨਾ, ਜਗਰਾਓਂ, ਮੋਗਾ ਵਿਚ ਵੀ ਹਿੰਦੂ ਭੀੜਾਂ ਨੇ ਹਮਲੇ ਸ਼ੁਰੂ ਕਰ ਦਿੱਤੇ ਅਤੇ ਹਰ ਥਾਂ ਪੁਲਸ ਉਤੇ ਪਥਰਾ ਕੀਤਾ।

ਪੁਲਸ ਸੂਤਰਾਂ ਅਨੁਸਾਰ ਪੀਲੇ ਮੋਟਰ ਸਾਈਕਲ ਅਤੇ ਸਕੂਟਰ ਅਤਿਵਾਦੀਆਂ ਵਲੋਂ ਵਰਤੇ ਗਏ। ਉਨ੍ਹਾਂ ਕੋਲ ਬਰਤਾਨੀਆਂ ਦੀਆਂ ਬਣੀਆਂ ਸਟੇਨ-ਗੰਨਾਂ ਸਨ ਅਤੇ ਉਨ੍ਹਾਂ ਨੇ ਸਵੇਰੇ ਹੀ ਸ਼ਿਵ ਸੈਨਾ ਦੇ ਵਰਕਰਾਂ ਉਤੇ ਹਮਲਾ ਕੀਤਾ ਜਿਸ ਸਮੇਂ ਉਹ ਮੈਦਾਨ ਵਿਚ ਸਵੇਰੇ ਹੀ ਮਸ਼ਕਾਂ ਕਰ ਰਹੇ ਸਨ।

ਹਿੰਦੂ ਸ਼ਿਵ ਸੈਨਾ ਵੀ ਫਿਰਕੂ ਜਥੇਬੰਦੀ ਹੈ ਜੋ ਅਸਲ ਵਿਚ ਰਾਸ਼ਟਰੀ ਸਵੋਇਮ ਸੰਘ ਦੀ ਹੀ ਸ਼ਾਖਾ ਹੈ। ਇਸ ਜਥੇਬੰਦੀ ਬਾਰੇ ਦੱਸਿਆ ਜਾਂਦਾ ਹੈ ਕਿ ਪੰਜਾਬ ਵਿਚ ਦਸ ਲੱਖ ਮੈਂਬਰ ਇਸ ਨੇ ਭਰਤੀ ਕਰ ਲਏ ਹਨ।

ਦਸ ਵਿਅਕਤੀ ਦਰੇਸੀ ਮੈਦਾਨ ਵਿਚ ਮਾਰੇ ਗਏ। ਚਾਰ ਸਬਜ਼ੀ ਮੰਡੀ ਵਿਚ ਅਤੇ ਦੋ ਰੇਲਵੇ ਸਟੇਸ਼ਨ ਦੀ ਕਰਾਸਿੰਗ ਲਾਗੇ ਕਤਲ ਕੀਤੇ ਗਏ।

ਪੰਜਾਬ ਵਿਚ ਗਵਰਨਰ ਤਬਦੀਲ ਸਿਧਾਰਥ ਸ਼ੰਕਰ ਰੇਅ ਨਵਾਂ ਗਵਰਨਰ

ਚੰਡੀਗੜ੍ਹ — ਕੇਂਦਰ ਸਰਕਾਰ ਨੇ ਪੰਜਾਬ ਦੇ ਗਵਰਨਰ ਸ਼ੰਕਰ ਦਿਆਲ ਸ਼ਰਮਾ ਨੂੰ ਹਟਾ ਕੇ ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਸਿਧਾਰਥ ਸ਼ੰਕਰ ਰੇਅ ਨੂੰ ਪੰਜਾਬ ਦਾ ਨਵਾਂ ਗਵਰਨਰ ਨਿਯੁਕਤ ਕਰ ਦਿਤਾ ਹੈ। ਯਾਦ ਰਹੇ ਕਿ ਸ਼ੰਕਰ ਦਿਆਲ ਸ਼ਰਮਾ ਦੋ ਵਾਰ ਪੰਜਾਬ ਦੇ ਗਵਰਨਰ ਬਣਾਏ ਗਏ ਹਨ। ਇਹ ਤਬਦੀਲੀ ਦੂਜੀ ਵਾਰ ਕੀਤੀ ਗਈ ਹੈ।

ਪੁਲਸ ਸਟੇਸ਼ਨ ਨੂੰ ਅੱਗ — ਤਿੰਨ ਕਤਲ ਹੋਰ

ਅੰਮ੍ਰਿਤਸਰ — ਪੁਲਸ ਅਨੁਸਾਰ ਇਕ ਅਤਿਵਾਦੀ ਨੇ ਇਥੇ ਇਕ ਪੁਲਸ ਸਟੇਸ਼ਨ ਉਤੇ ਦੋ ਦੇਸੀ ਬੰਬ ਸੁਟੇ ਜਿਸ ਨਾਲ ਪੁਲਸ ਸਟੇਸ਼ਨ ਦੀ ਇਮਾਰਤ ਨੂੰ ਨੁਕਸਾਨ ਪਹੁੰਚਿਆ ਪਰ ਕਿਸੇ ਦੇ ਕੋਈ ਸੱਟ ਫੇਟ ਨਹੀਂ ਵੱਜੀ।

ਇਕ ਹੋਰ ਖਬਰ ਅਨੁਸਾਰ ਅਤਿਵਾਦੀਆਂ ਨੇ ਤਿੰਨ ਹੋਰ ਹਿੰਦੂ ਫਿਰਕੇ ਦੇ ਲੋਕ ਕਤਲ ਕਰ ਦਿਤੇ ਹਨ — ਜਿਸ ਨਾਲ ਵੀਰਵਾਰ ਤੋਂ ਸ਼ੁਰੂ ਹੋਏ ਕਤਲਾਂ ਵਿਚ 36 ਵਿਅਕਤੀ ਮਾਰੇ ਜਾ ਚੁਕੇ ਹਨ।

ਹਿੰਦੂ ਭੀੜ ਵਲੋਂ ਪੁਲਸ ਸਟੇਸ਼ਨਾਂ ਨੂੰ ਅੱਗ

ਪੁਲਸ ਨੇ ਲੁਧਿਆਣਾ, ਹੁਸ਼ਿਆਰਪੁਰ, ਪਠਾਨਕੋਟ ਅਤੇ ਖੰਨਾ ਵਿਚ ਉਸ ਸਮੇਂ ਗੋਲੀ ਚਲਾਈ ਜਦੋਂ ਹਿੰਦੂ ਫਿਰਕੇ ਨਾਲ ਸਬੰਧਤ ਭੀੜ ਨੇ ਕਤਲਾਂ ਦੇ ਗੁੱਸੇ ਦੇ ਪ੍ਰਗਟਾਅ ਲਈ ਦੁਕਾਨਾਂ ਨੂੰ ਅੱਗਾਂ ਲਾਉਣੀਆਂ ਸ਼ੁਰੂ ਕੀਤੀਆਂ। ਕਾਰਾਂ ਨੂੰ ਵੀ ਅੱਗ ਲਾਈ ਗਈ ਅਤੇ ਪੁਲਸ ਸਟੇਸ਼ਨਾਂ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ। ਭੀੜ ਨੇ ਪੁਲਸ ਉਤੇ ਇੱਟਾ ਵੱਟੇ ਵੀ ਸੁੱਟੇ।

ਹਰਿਆਣੇ ਵਿਚ ਮੁਜ਼ਾਹਰੇ

ਪੰਜਾਬ ਦੇ ਗਵਾਂਢੀ ਸੂਬੇ ਹਰਿਆਣੇ ਵਿਚ ਕਈ ਥਾਵਾਂ ਉਤੇ ਪੰਜਾਬ ਵਿਚ ਹਿੰਦੂਆਂ ਦੇ ਕਤਲਾਂ ਵਿਰੁੱਧ ਮੁਜ਼ਾਹਰੇ ਹੋਏ। ਵੱਖ ਵੱਖ ਥਾਵਾਂ ਉਤੇ ਹਿੰਸਾ ਉਤੇ ਉਤਰੇ ਪੰਜਾਹ ਦੇ ਲਗਪਗ ਮੁਜ਼ਾਹਰਾਕਾਰ ਪੁਲਸ ਵਲੋਂ ਗ੍ਰਿਫਤਾਰ ਕੀਤੇ ਗਏ।

ਦਿੱਲੀ ਵਿਚ ਭਾਰੀ ਮੁਜ਼ਾਹਰਾ

ਮੰਗਲਵਾਰ ਪਾਰਲੀਮੈਂਟ ਹਾਊਸ ਸਾਹਮਣੇ ਲੱਖਾਂ ਲੋਕਾਂ ਨੇ ਮੁਜ਼ਾਹਰਾ ਕਰਦਿਆਂ ਪੰਜਾਬ ਵਿਚ ਬੇਗੁਨਾਹ ਲੋਕਾਂ ਦੇ ਕਤਲ ਰੋਕੇ ਜਾਣ ਲਈ ਮੁਜ਼ਾਹਰਾ ਕੀਤਾ।

ਡਾ: ਜੌਹਲ ਦੀ ਨਵੀਂ ਨਿਯੁਕਤੀ

ਪਟਿਆਲਾ — ਡਾ: ਜੌਹਲ ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਹਨ ਤੇ ਉਹਨਾਂ ਦਾ ਤਿੰਨ ਸਾਲਾਂ ਦਾ ਸਮਾਂ ਸਮਾਪਤ ਹੋਣ ਵਾਲਾ ਹੈ ਇਸ ਅਹੁਦੇ ਲਈ। ਉਹਨਾਂ ਦਾ ਨਵਾਂ ਅਹੁਦਾ ਪ੍ਰੋ: ਆਫ ਨੈਸ਼ਨਲ ਐਮੀਨੈਂਸ ਹੋਵੇਗਾ ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰੀਸਰਚ ਵਿਚ। ਡਾ: ਜੌਹਲ ਦਾ ਅਧਿਕਾਰ ਖੇਤਰ ਖੇਤੀ ਯੂਨੀਵਰਸਿਟਝੀ ਲੁਧਿਆਣਾ ਵਿਚ ਹੈਡ ਕੁਆਰਟਰ ਅਤੇ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਹੋਵੇਗਾ।

ਅਮਰਿੰਦਰ ਦਾ ਘੇਰਾਓ 'ਦਿੱਲੀ ਦੇ ਏਜੰਟ' ਵਾਪਸ ਜਾਓ ਦੇ ਨਾਹਰੇ

ਬਸੀ ਪਠਾਨਾਂ — ਇਥੇ ਪੰਜਾਬ ਦੇ ਖੇਤੀ ਮੰਤਰੀ ਨੂੰ ਕਾਫੀ ਵਿਰੋਧਤਾ ਦਾ ਮੂੰਹ ਵੇਖਣਾ ਪਿਆ, ਜਦੋਂ ਉਹ ਇਕ ਫੁਟਬਾਲ ਟੂਰਨਾਮੈਂਟ ਜੋ ਕਿ ਭੂਤਪੂਰਵ ਖੇਤੀ ਮੰਤਰੀ ਰਣਧੀਰ ਸਿੰਘ ਚੀਮਾ ਦੁਆਰਾ ਆਯੋਜਿਤ ਕੀਤਾ ਗਿਆ ਸੀ ਦੀ ਪ੍ਰਧਾਨਗੀ ਕਰਨ ਲਈ ਆਇਆ ਤੇ ਇਨਾਮ ਵੰਡੇ। ਅਕਾਲੀ ਜਥੇਦਾਰਾਂ ਅਤੇ ਨੌਜਵਾਨ ਵਰਕਰਾਂ ਨੇ ਵੀਹ ਮਿੰਟ ਤਕ ਲੋਕਲ ਬਸ ਸਟੈਂਡ ਤੇ ਕਾਲੀਆਂ ਝੰਡੀਆਂ ਨਾਲ ਸਵਾਗਤ ਕੀਤਾ ਅਤੇ 'ਦਿੱਲੀ ਦੇ ਏਜੰਟ ਵਾਪਸ ਜਾਓ' ਦੇ ਨਾਅਰੇ ਲਾਏ। ਇਕ ਤਤਕਾਲੀਨ ਬੈਠਕ ਗਿਆਨੀ ਗੁਰਦਿਆਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੰਤਰੀ ਦੇ ਖਿਲਾਫ ਅਨੁਸ਼ਾਸਨਿਕ ਕਾਰਵਾਈ ਦੀ ਮੰਗ ਕੀਤੀ ਕਿਉਂਕਿ ਉਹਨਾਂ ਕਾਰਕੁਨਾਂ ਨੂੰ ਅਣਡਿੱਠ ਕੀਤਾ ਹੈ ਇਸ ਸਮਾਗਮ ਵਿਚ ਆਉਣ ਲਈ।

'ਕੈਨੇਡਾ ਦਰਪਣ' ਦਾ ਅਗਲਾ ਅੰਕ ਵਿਸ਼ੇਸ਼ ਵਿਸਾਖੀ ਅੰਕ ਹੋਵੇਗਾ

ਵਿਉਪਾਰੀ ਸੱਜਣਾਂ ਨੂੰ ਬੇਨਤੀ ਹੈ ਕਿ ਆਪਣੀਆਂ ਐਡਾਂ ਲਈ ਅੱਜ ਹੀ ਫੋਨ ਕਰਕੇ ਥਾਂ ਰੀਜ਼ਰਵ ਕਰਵਾ ਲਵੋ। ਲਿਖਾਰੀ ਸੱਜਣਾਂ ਨੂੰ ਬੇਨਤੀ ਹੈ ਕਿ ਲਿਖਤਾਂ ਮੰਗਲਵਾਰ ਤੱਕ ਪੁਜਣੀਆਂ ਜ਼ਰੂਰੀ ਹਨ। ਹੋਰ ਜਾਣਕਾਰੀ ਲਈ ਫੋਨ ਕਰੋ :

(604)581-4473

ਦੌਲਤਾਂ ਦਾ ਹੈ ਪੁਜਾਰੀ ਆਦਮੀ,
ਖਾ ਰਿਹਾ ਹਰ ਪਲ ਹੀ ਧੋਖਾ ਦੋਸਤੋ।

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising:
Circulation: SATINDER SIDHU
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿੱਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿੱਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

ਅਮਨ ਕਾਨੂੰਨ ਦੀ ਵਿਗੜਦੀ ਅਵਸਥਾ ਬਰਨਾਲਾ ਸਰਕਾਰ ਲਈ ਖਤਰਾ

— ਏ. ਐਸ. ਪਰਾਸ਼ਰ

ਚੰਡੀਗੜ੍ਹ — ਅਮਨ ਕਾਨੂੰਨ ਦੀ ਡਾਵਾਂਡੋਲ ਅਵਸਥਾ ਅਜ ਤੋਂ ਢਾਈ ਸਾਲ ਪਹਿਲਾਂ ਦਰਬਾਰਾ ਸਿੰਘ ਮਨਿਸਟਰੀ ਨੂੰ ਲੈ ਬੈਠੀ ਸੀ ਤੇ ਅਜ ਬਰਨਾਲਾ ਸਰਕਾਰ ਨੂੰ ਇਸ ਤੋਂ ਖਤਰਾ ਪੈਦਾ ਹੋ ਗਿਆ ਹੈ। ਪਿਛਲੇ ਦਿਨਾਂ ਵਿਚ ਘਟੀਆਂ ਹਿੰਸਾਤਮਕ ਅਤੇ ਫਿਰਕੂ ਘਟਨਾਵਾਂ ਕਾਰਨ ਪੰਜਾਬ ਦੇ ਚਾਰ ਵੱਡੇ ਸ਼ਹਿਰ ਕਰਫੀਊ ਥੱਲੇ ਹਨ। ਰਾਜ ਵਿਚ ਹੋਰ ਥਾਵਾਂ ਤੇ ਵੀ ਹਾਲਾਤ ਸੁਖਾਵੇਂ ਨਹੀਂ ਹਨ। ਅਤਿਵਾਦੀ ਵਾਰਦਾਤਾਂ ਬੈਂਕ ਡਕੈਤੀਆਂ, ਕਤਲਾਂ ਅਤੇ ਹੋਰ ਇਹੋ ਜਿਹੀਆਂ ਘਟਨਾਵਾਂ ਕਰਕੇ ਆਮ ਲੋਕਾਂ ਸਰਕਾਰ ਤੋਂ ਵਿਸ਼ਵਾਸ਼ ਅਤੇ ਪ੍ਰਬੰਧਕ ਮਸ਼ੀਨਰੀ ਤੋਂ ਭਰੋਸਾ ਉਠ ਰਿਹਾ ਹੈ। ਇਸਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿ ਛੇ ਮਹੀਨੇ ਪਹਿਲਾਂ ਇਲੈਕਸ਼ਨ ਜਿਤਣ ਪਿਛੋਂ ਬਰਨਾਲਾ ਸਰਕਾਰ ਨੇ ਹਾਲਾਤ ਨੂੰ ਇਸ ਨਾਜ਼ਕ ਸਥਿਤੀ ਵਿਚ ਸੁਖਾਵਾਂ ਮੋੜ ਲਿਆਉਣ ਲਈ ਕਾਫੀ ਕੋਸ਼ਿਸ਼ ਕੀਤੀ ਹੈ। ਸ: ਸੁਰਜੀਤ ਸਿੰਘ ਬਰਨਾਲਾ ਨੇ ਅਕਾਲੀ ਪਾਰਟੀ ਵਿਚ ਪ੍ਰਧਾਨ ਅਤੇ ਮੁਖ ਮੰਤਰੀ ਹੁੰਦੇ ਹੋਏ ਇਕ ਸ਼ਲਾਘਾ ਭਰਪੂਰ ਥਾਂ ਬਣਾ ਲਈ ਹੈ।

ਇਹ ਵੀ ਸੰਕੇਤ ਹਨ ਕਿ ਗੁਰਚਰਨ ਸਿੰਘ ਟੌਹੜਾ ਨੂੰ ਸ਼ਾਂਤ ਕਰਨ ਮਗਰੋਂ ਮੁਖ ਮੰਤਰੀ ਸ: ਬਾਦਲ ਦੇ ਕਾਫੀ ਨਜ਼ਦੀਕ ਹੋ ਗਏ ਹਨ। ਰਾਜਨੀਤਕ ਖੇਤਰਾਂ ਵਿਚ ਬਾਦਲ ਅਤੇ ਬਰਨਾਲਾ ਵਿਚਕਾਰ ਇਥੇ ਹੋਈ ਇਕ ਮੀਟਿੰਗ ਨੂੰ ਕਾਫੀ ਮਹੱਤਵਪੂਰਨ ਸਮਝਿਆ ਜਾਂਦਾ ਹੈ, ਇਹ ਮੀਟਿੰਗ ਸਿਰਫ ਪੰਦਰਾਂ ਮਿੰਟ ਲਈ ਸੀ ਪਰ ਇਹ ਇਕ ਘੰਟਾ ਚਲੀ। ਇਹ ਵੀ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਆਉਂਦੇ ਬਜਟ-ਅਧਿਵੇਸ਼ਨ ਤੋਂ ਪਿਛੋਂ ਮੰਤਰੀਮੰਡਲ ਵਿਚ ਵਾਧਾ ਹੋਵੇਗਾ ਅਤੇ ਪ੍ਰਕਾਸ਼ ਸਿੰਘ ਬਾਦਲ ਨੰਬਰ ਦੋ ਹੋਣਗੇ ਮੰਤਰੀ ਮੰਡਲ ਵਿਚ।

ਜਦੋਂ ਕਿ ਮੁਖ ਮੰਤਰੀ ਨੇ ਆਪਣੇ ਰਾਜਨੀਤਕ ਵਿਰੋਧੀ ਨੂੰ ਪਛਾੜਿਆ ਹੈ ਪਰ ਉਹ ਅਤਿਵਾਦੀਆਂ ਨੂੰ ਮਾਤ ਪਾਉਣ ਵਿਚ ਅਜੇ ਸਫਲ ਨਹੀਂ ਹੋਇਆ। ਇਥੋਂ ਤਕ ਕਿ ਰੋਜ਼ ਦੇ ਮੁਜ਼ਾਹਰੇ ਅਤੇ ਵਿਰੋਧੀ ਦਾ ਵਿਧਾਨ ਸਭਾ ਵਿਚੋਂ ਵਾਕ ਆਊਟ ਵੀ ਸਰਕਾਰ ਨੂੰ ਅਮਨ ਕਾਨੂੰਨ ਦੀ ਹਾਲਤ ਸੁਧਾਂਰਨ ਵਾਸਤੇ ਕੋਈ ਸਖਤ ਕਦਮ ਚੁਕਣ ਲਈ ਪ੍ਰਭਾਵਤ ਨਹੀਂ ਕਰ ਸਕਿਆ। ਅਸੰਤੋਸ਼ ਦੀ ਭਾਵਨਾ ਅਕਾਲੀ ਪਾਰਟੀ ਦੇ ਅੰਦਰ ਵੀ ਸੁਣੀ ਗਈ ਹੈ।

ਕਈ ਮੰਤਰੀਆਂ ਨੇ ਮੁਖ ਮੰਤਰੀ ਨੂੰ ਸਿਫਾਰਸ਼ ਕੀਤੀ ਹੈ ਕਿ ਪੁਲੀਸ ਪ੍ਰਬੰਧ ਨੂੰ ਮੁੜ ਨਿਯੋਜਿਤ ਕਰਨਾ ਜ਼ਰੂਰੀ ਹੈ ਇਕ ਨਵੇਂ ਡਾਇਰੈਕਟਰ ਜਨਰਲ ਨੂੰ ਨਿਯੁਕਤ ਕਰਕੇ। ਇਕ ਮੰਤਰੀ ਨੇ ਤਾਂ ਇਥੋਂ ਤੱਕ ਕਿਹਾ ਹੈ ਕਿ ਮੌਜੂਦਾ ਡਾਇਰੈਕਟਰ ਜਨਰਲ ਨੂੰ ਚਲਦਾ ਕਰਕੇ ਸਰਕਾਰ ਨੂੰ ਆਪਣੀ ਕਾਰਜਸ਼ੀਲਤਾ ਅਤੇ ਦ੍ਰਿੜਤਾ ਦਾ ਸਬੂਤ ਦੇਣਾ ਚਾਹੀਦਾ ਹੈ।

ਇਹ ਸਾਫ ਸਾਬਤ ਹੈ ਕਿ ਰਾਜ ਵਿਚ ਪੁਲੀਸ ਵਿਭਾਗ ਕਾਫੀ ਉਤਸ਼ਾਹਹੀਣ ਹੈ। ਪੁਲੀਸ ਦੇ ਉਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਰਾਜਨੀਤਕ ਲੀਡਰਸ਼ਿਪ ਵਲੋਂ ਉਹਨਾਂ ਨੂੰ ਕੋਈ ਸਾਫ ਨਿਰਦੇਸ਼ ਨਹੀਂ ਮਿਲਦੇ। ਜੇ ਪੁਲੀਸ ਸੰਜਮ ਤੋਂ ਕੰਮ ਲੈਂਦੀ ਹੈ ਤਾਂ ਕਿਹਾ ਜਾਂਦਾ ਹੈ ਕਿ ਮਜ਼ਬੂਤ ਕਾਰਵਾਈ ਕਰੋ ਜੇ ਫੈਸਲਾਕੁਨ ਕਾਰਾਵਾਈ ਕਰਦੀ ਹੈ ਜਿਵੇਂ ਕਿ ਨਕੋਦਰ ਵਿਚ ਚਾਰ ਆਦਮੀ ਮਾਰੇ ਗਏ ਸਨ ਜੋ ਇਕ ਜਲੂਸ ਨੂੰ ਕਰਫੀਊ ਅਧੀਨ ਸ਼ਹਿਰ ਵਿਚੋਂ ਕਢਣਾ ਚਾਹੁੰਦੇ ਸਨ ਤਾਂ ਪੁਲੀਸ ਨੂੰ ਜੁਡੀਸ਼ਲ ਜਾਂਚ ਸਸਪੈਂਸ਼ਨ ਅਤੇ ਤਬਾਦਲਿਆਂ ਦਾ ਮੂੰਹ ਦੇਖਣਾ ਪੈਂਦਾ ਹੈ।

ਉਹ ਦੋਨੋਂ ਪਾਸਿਓਂ ਕੁੜਿੱਕੀ ਵਿਚ ਹਨ। ਇਕ ਪਾਸੇ ਸਰਕਾਰ ਅਤੇ ਦੂਜੇ ਪਾਸੇ ਅਤਿਵਾਦੀ ਹਨ। ਹਿੰਸਾ ਦਾ ਮੁਕਾਬਲਾ ਕਰਨ ਲਈ ਉਹਨਾਂ ਆਪਣੀ ਸੁਰੱਖਿਆ ਦਾ ਵੀ ਧਿਆਨ ਰਖਣਾ ਪੈਂਦਾ ਹੈ ਜਦੋਂ ਕਿ ਮਜ਼ਬੂਤ ਐਕਸ਼ਨ ਅਤੇ ਫੈਸਲੇ ਦੀ ਲੋੜ ਹੁੰਦੀ ਹੈ। ਕਈ ਥਾਵਾਂ ਤੇ ਇਹਨਾਂ ਦਿਨਾਂ ਵਿਚ ਪੰਜਾਬ ਦੇ ਦੋਨਾਂ ਮੁਖ ਫਿਰਕਿਆਂ ਵਿਚ ਤਨਾਅਪੂਰਣ ਸਥਿਤੀ ਪੈਦਾ ਹੋ ਗਈ ਹੈ ਜਿਸ ਤੋਂ ਸੁਚੇਤ ਰਹਿਣ ਦੀ ਲੋੜ ਹੈ। ਇਹ ਕਿਹਾ ਜਾਂਦਾ ਹੈ ਕਿ ਸ਼ਿਵ ਸੈਨਾ ਦਾ ਉਭਰਨਾ ਜੋ ਕਿ ਸਿੱਖ ਅਤਿਵਾਦੀਆਂ ਦੀਆਂ ਕਾਰਵਾਈਆਂ ਦਾ ਪ੍ਰਤੀਕਰਮ ਕਿਹਾ ਜਾਂਦਾ ਹੈ ਤੇ ਅਤਿਵਾਦੀਆਂ ਦੁਆਰਾ ਕਤਲਾਂ ਨੂੰ ਪੁਲੀਸ ਰੋਕਣ ਵਿਚ ਅਸਫਲ ਰਹੀ ਹੈ।

ਦੁਖ-ਭਰੀ ਗਲ ਇਹ ਹੈ ਕਿ ਜਦੋਂ ਸ਼ਿਵ ਸੈਨਾ ਹਿੰਦੂਆਂ ਦੀ ਸੁਰਖਸ਼ਾ ਦੀ ਗਲ ਕਰਦੀ ਹੈ ਤਾਂ ਇਸਦਾ ਸਿੱਧਾ ਫਾਇਦਾ ਅਤਿਵਾਦੀਆਂ ਨੂੰ ਹੁੰਦਾ ਹੈ। ਅਤਿਵਾਦੀ ਕਾਰਵਾਈਆਂ ਕਰਕੇ ਉਹ ਹਿੰਦੂਆਂ ਨੂੰ ਭੜਕਾਉਣਾ ਚਾਹੁੰਦੇ ਹਨ ਅਤੇ ਇਹ ਪੰਜਾਬ ਵਿਚ ਵੱਖ ਵੱਖ ਥਾਵਾਂ ਤੇ ਪਿਛਲੇ ਕੁਝ ਮਹੀਨਿਆਂ ਵਿਚ ਹੋਇਆ ਵੀ ਹੈ।

ਬਰਨਾਲਾ ਸਰਕਾਰ ਦੇ ਵਿਰੋਧੀਆਂ ਦਾ ਕਹਿਣਾ ਹੈ ਕਿ ਉਸ ਕੋਲ ਅਤਿਵਾਦੀਆਂ ਵਿਰੁਧ ਕਾਰਵਾਈ ਕਰਨ ਲਈ ਰਾਜਨੀਤਕ ਇੱਛਾ ਅਤੇ ਹੌਂਸਲੇ ਦੀ ਘਾਟ ਹੈ। ਇਹ ਭਾਵੇਂ ਠੀਕ ਹੋਵੇ ਜਾਂ ਨਾ ਪਰ ਸੈਂਟਰ ਸਰਕਾਰ ਨੂੰ ਅਕਾਲੀ ਸਰਕਾਰ ਨੂੰ ਬਰਖਾਸਤ ਕਰਨ ਲਈ ਦੋ ਵਾਰ ਸੋਚਣਾ ਪਵੇਗਾ। ਪਰ ਜੇ ਹਾਲਾਤ ਲਗਾਤਾਰ ਇਸੇ ਤਰ੍ਹਾਂ ਵਿਗੜਦੇ ਰਹੇ ਤਾਂ ਅਕਾਲੀਆਂ ਦੇ ਕੇਂਦਰ ਵਿਚ ਸ਼ੁਭਚਿੰਤਕ ਵੀ ਕੇਂਦਰ ਦੇ ਦਖਲ ਦਾ ਵਿਰੋਧ ਨਹੀਂ ਕਰ ਸਕਣਗੇ।

ਸੰਪਾਦਕੀ:

ਪੰਜਾਬ ਵਿਚ ਦਹਿਸ਼ਤਵਾਦੀ ਕਾਰਵਾਈਆਂ ਅਤੇ ਉਨ੍ਹਾਂ ਦਾ ਸਿੱਟੇ

ਪਿਛਲੇ ਮਹੀਨੇ ਮਾਰਚ ਵਿਚ ਪੰਜਾਬ ਵਿਚ 100 ਤੋਂ ਵੱਧ ਜਾਨਾਂ ਦਹਿਸ਼ਤਗਰਦੀ ਦੀ ਭੇਂਟ ਚੜ੍ਹੀਆਂ ਹਨ। ਇਨ੍ਹਾਂ ਵਿਚ ਰਾਜਸੀ ਕਤਲ ਬਹੁਤ ਘੱਟ ਹਨ ਜਦਕਿ ਬੇਗੁਨਾਹ ਲੋਕਾਂ ਦਾ ਖੂਨ ਬਹੁਤਾ ਡੁਲ੍ਹਿਆ ਹੈ। ਸੜਕਾਂ ਤੇ ਤੁਰੇ ਜਾਂਦੇ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦੇਣਾ, ਸੜਕ ਉਤੇ ਜਾਂਦੇ ਸਕੂਟਰ ਵਾਲੇ ਦੇ ਗੋਲੀ ਮਾਰ ਦੇਣੀ, ਦੁਕਾਨ ਤੇ ਬੈਠੇ ਆਮ ਦੁਕਾਨਦਾਰ ਨੂੰ ਗੋਲੀਆਂ ਦੀ ਬੁਛਾੜ ਦਾ ਸ਼ਿਕਾਰ ਬਣਾ ਦੇਣਾ — ਇਸ ਕਿਸਮ ਦੀਆਂ ਕਾਰਵਾਈਆਂ ਨਾ ਤਾਂ ਕਿਸੇ ਬਹਾਦਰੀ ਦਾ ਸਬੂਤ ਹਨ ਅਤੇ ਨਾ ਹੀ ਇਨ੍ਹਾਂ ਨਾਲ ਕੋਈ ਮੰਤਵ ਦੀ ਪੂਰਤੀ ਹੁੰਦੀ ਹੈ। ਇਸ ਤਰ੍ਹਾਂ ਇਹ ਅੰਞਾਈਂ ਵਹਾਇਆ ਖੂਨ ਕਿਸੇ ਲਖਸ਼ ਦੀ ਪ੍ਰਾਪਤੀ ਨਹੀਂ ਬਣ ਸਕਦਾ। ਹਾਂ, ਇਸਦੇ ਸਿੱਟੇ ਭਿਆਨਕ ਜ਼ਰੂਰ ਨਿਕਲ ਸਕਦੇ ਹਨ ਅਤੇ ਇਹ ਸਿੱਟੇ ਬੇਗੁਨਾਹ ਲੋਕਾਂ ਨੇ ਭੁਗਤੇ ਹਨ।

ਇਨ੍ਹਾਂ ਗਤੀਵਿਧੀਆਂ ਪਿਛੇ ਅਜੋਕੀ ਰਾਜਸੀ ਸਥਿਤੀ ਵਿਚ ਇਕ ਸਿੱਟਾ ਇਹ ਵੀ ਨਿਕਲਦਾ ਹੈ ਕਿ ਇਨ੍ਹਾਂ ਕਾਰਵਾਈਆਂ ਵਿਚ ਰੁੱਝੇ ਲੋਕਾਂ ਨੂੰ ਨਾ ਤਾਂ ਆਪਣੇ ਧਰਮ ਦਾ ਸਤਿਕਾਰ ਹੈ ਕਿਉਂਕਿ ਕੋਈ ਧਰਮ ਬੇਗੁਨਾਹ ਦੇ ਕਤਲ ਦੀ ਇਜਾਜ਼ਤ ਨਹੀਂ ਦਿੰਦਾ ਅਤੇ ਨਾ ਹੀ ਸੂਝ ਬੂਝ ਵਾਲਾ ਕੋਈ ਰਾਜਨੀਤਕ ਵਿਅਕਤੀ ਅਜਿਹੀਆਂ ਮਾਰੂ ਰੁਚੀਆਂ ਦਾ ਸ਼ਿਕਾਰ ਹੁੰਦਾ ਹੈ। ਇਸ ਲਈ ਧਾਰਮਿਕ ਤੇ ਸਿਆਸੀ ਲੋਕ ਅਜਿਹੀਆਂ ਕਾਰਵਾਈਆਂ ਵਿਚ ਸ਼ਰੀਕ ਨਹੀਂ ਹੋ ਸਕਦੇ। ਅਜਿਹੀਆਂ ਕਾਰਵਾਈਆਂ ਮੂੜ੍ਹ ਮੱਤ ਵਾਲੇ ਲੋਕ ਹੀ ਕਰ ਸਕਦੇ ਹਨ ਜੋ ਰਾਜਨੀਤਕ ਸੂਝ ਬੂਝ ਤੋਂ ਕੋਰੇ ਹਨ।

ਪਿਛਲੇ ਹਫਤੇ ਦੀਆਂ ਇਨ੍ਹਾਂ ਕਾਰਵਾਈਆਂ ਨੇ ਜਿਥੇ ਬੇਗੁਨਾਹ ਲੋਕਾਂ ਦੀਆਂ ਜਾਨਾਂ ਲਈਆਂ ਹਨ ਉਥੇ ਪੰਜਾਬ ਦੇ ਸਮੁੱਚੇ ਲੋਕਾਂ ਨੂੰ ਮੁੜ ਸੂਲੀ ਉਤੇ ਲਿਆ ਟੰਗਿਆ ਹੈ। ਥਾਂ ਥਾਂ ਕਰਫੀਊ ਲੱਗੇ ਹੋਏ ਹਨ — ਲੋਕਾਂ ਨੂੰ ਖਾਣ ਪੀਣ ਦੀਆਂ ਚੀਜ਼ਾਂ ਵੀ ਮੁਹੱਈਆਂ ਨਹੀਂ ਹੋ ਰਹੀਆਂ। ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਦੇ ਇਮਤਿਹਾਨ ਪਿਛੋਕੜ ਵਿਚ ਜਾ ਪਏ ਹਨ — ਉਨ੍ਹਾਂ ਦੀ ਪੜ੍ਹਾਈ ਦਾ ਹਰਜਾ ਬੇਪਨਾਹ ਹੋ ਰਿਹਾ ਹੈ। ਅਜਿਹੀ ਸੂਰਤ ਵਿਚ ਲੋਕਾਂ ਦੀ ਚੁਣੀ ਹੋਈ ਸਰਕਾਰ ਤੋੜਨ ਦੇ ਮਨਸੂਬੇ ਬਣਾ ਕੇ ਲੋਕਾਂ ਦੀ ਚੋਣ ਦੀ ਹੱਤਕ ਕੀਤੀ ਜਾ ਰਹੀ ਹੈ।

ਜਿਹੜੇ ਲੋਕ ਲੋਕਾਂ ਦੇ ਹੀ ਦੁਸ਼ਮਣ ਬਣ ਬੈਠੇ ਹਨ — ਉਹ ਕਿਹੜੇ ਲੋਕਾਂ ਨੂੰ ਸਵਰਗ ਦਾ ਨਕਸ਼ਾ ਦਿਖਾ ਕੇ ਆਪਣੇ ਵੱਲ ਖਿਚਣ ਦਾ ਯਤਨ ਕਰ ਰਹੇ ਹਨ ਲੋਕ-ਦੁਸ਼ਮਣ ਤਾਕਤਾਂ ਦਾ ਮੁਕਾਬਲਾ ਆਖਰ ਪੰਜਾਬ ਦੇ ਲੋਕਾਂ ਨੇ ਹੀ ਕਰਨਾ ਹੈ ਇਹ ਵੀ ਪੰਜਾਬ ਦੇ ਲੋਕਾਂ ਨੇ ਹੀ ਦੇਖਣਾ ਹੈ ਕਿ ਕੌਣ ਉਨ੍ਹਾਂ ਦੇ ਦੁਸ਼ਮਣ ਹਨ ਅਤੇ ਕੌਣ ਉਨ੍ਹਾਂ ਦੇ ਸਾਥੀ ਹਨ।

ਪੰਜਾਬ ਵਿਚ ਦਗੜ ਦਗੜ ਕਰਦੀ ਫੌਜ ਮੁੜ ਸੱਦਣ ਲਈ ਕੌਣ ਲੋਕ ਜ਼ਿੰਮੇਂਵਾਰ ਹਨ? ਇਸਦਾ ਫੈਸਲਾ ਵੀ ਪੰਜਾਬ ਦੇ ਲੋਕਾਂ ਨੇ ਹੀ ਕਰਨਾ ਹੈ।

ਇਨ੍ਹਾਂ ਪ੍ਰਸ਼ਨਾਂ ਦੇ ਉਤਰ ਅਸੀਂ ਵਿਦੇਸ਼ਾਂ ਵਿਚ ਬੈਠੇ ਪੰਜਾਬੀ ਨਹੀਂ ਦੇ ਸਕਦੇ — ਇਨ੍ਹਾਂ ਪ੍ਰਸ਼ਨਾਂ ਦੇ ਉਤਰ ਪੰਜਾਬ ਦੇ ਲੋਕਾਂ ਨੇ ਲੱਭਣੇ ਹਨ।

ਜ਼ਿੰਦਗੀ ਦਾ ਕੀ ਭਰੋਸਾ ਦੋਸਤੋ।
ਮੌਤ ਉੱਪਰ ਕੀ ਏ ਰੋਸਾ ਦੋਸਤੋ।

ਕਮਿਊਨਿਸਟ ਲੀਡਰ ਅਰਜਨ ਸਿੰਘ ਮਸਤਾਨਾ ਅਤਿਵਾਦੀਆਂ ਹੱਥੋਂ ਕਤਲ

ਵਲਟੋਹਾ — ਪੰਜਾਬ ਦੇ ਪ੍ਰਸਿੱਧ ਕਿਸਾਨ ਆਗੂ ਅਤੇ ਸੀ. ਪੀ. ਆਈ. ਦੇ ਲੀਡਰ ਅਰਜਨ ਸਿੰਘ ਮਸਤਾਨਾ ਪਿਛਲੇ ਦਿਨ ਵਲਟੋਹਾ ਲਾਗੇ ਉਨ੍ਹਾਂ ਦੇ ਆਪਣੇ ਪਿੰਡ ਹੀ ਅਤਿਵਾਦੀਆਂ ਹੱਥੋਂ ਕਤਲ ਹੋ ਗਏ। ਉਨ੍ਹਾਂ ਦੇ ਨਾਲ ਉਨ੍ਹਾਂ ਦਾ ਬਾਡੀਗਾਰਡ ਵੀ ਮਾਰਿਆ ਗਿਆ ਹੈ। ਸ੍ਰੀ ਮਸਤਾਨਾ ਉਪਰ ਦੋ ਵਾਰ ਪਹਿਲਾਂ ਵੀ ਹਮਲਾ ਕੀਤਾ ਗਿਆ ਸੀ ਪਰ ਉਨ੍ਹਾਂ ਦਾ ਬਚਾਅ ਹੋ ਗਿਆ ਸੀ।

ਸੀ. ਪੀ. ਆਈ. ਦੇ ਸਕੱਤਰ ਸ੍ਰੀ ਅਵਤਾਰ ਸਿੰਘ ਮਲਹੋਤਰਾ ਨੇ ਸ੍ਰੀ ਮਸਤਾਨਾ ਦੀ ਮੌਤ ਉਪਰ ਸ਼ੋਕ ਸੁਨੇਹੇ ਵਿਚ ਕਿਹਾ ਹੈ ਕਿ ਕਮਿਊਨਿਸਟ ਪਾਰਟੀ ਦੇਸ਼ ਦੀ ਅਖੰਡਤਾ ਦੀ ਜ਼ਾਮਨ ਹੈ। ਉਨ੍ਹਾਂ ਕਿਹਾ ਕਿ ਅਤਿਵਾਦੀਆਂ ਦਾ ਇਹ ਕੀਤਾ ਕਤਲ ਉਨ੍ਹਾਂ ਦੇ ਕਫ਼ਨ ਵਿਚ ਆਖਰੀ ਕਿੱਲ ਸਾਬਤ ਹੋਵੇਗਾ। ਉਨ੍ਹਾਂ ਕਮਿਊਨਿਸਟ ਪਾਰਟੀ ਦੇ ਵਰਕਰਾਂ ਨੂੰ ਅਪੀਲ ਕੀਤੀ ਕਿ ਫਿਰਕਾਪ੍ਰਸਤੀ ਅਤੇ ਵੱਖਵਾਦ ਵਿਰੁੱਧ ਉਹ ਆਪਣੀ ਆਵਾਜ਼ ਪੂਰੀ ਦ੍ਰਿੜਤਾ ਨਾਲ ਬੁਲੰਦ ਕਰਨ।

ਪਾਣੀਆਂ ਦੇ ਮਾਮਲੇ ਬਾਰੇ ਬਿੱਲ ਪਾਸ

ਨਵੀਂ ਦਿੱਲੀ — ਰਾਜ ਸਭਾ ਨੇ ਪਿਛਲੇ ਹਫਤੇ ਪੰਜਾਬ, ਹਰਿਆਣਾ, ਰਾਜਸਥਾਨ ਦੇ ਪਾਣੀਆਂ ਸਬੰਧੀ ਤਿੰਨ-ਮੈਂਬਰੀ ਟ੍ਰਿਬਿਊਨਲ ਬਨਾਉਣ ਦਾ ਬਿੱਲ ਪਾਸ ਕਰ ਦਿਤਾ। ਰਾਵੀ-ਬਿਆਸ ਦੇ ਪਾਣੀਆਂ ਦੀ ਵੰਡ ਇਹ ਤਿੰਨ-ਮੈਂਬਰੀ ਜੱਜਾਂ ਦਾ ਟ੍ਰਿਬਿਊਨਲ ਕਰੇਗਾ।

ਇਹ ਟ੍ਰਿਬਿਊਨਿਲ 1956 ਦੇ ਐਕਟ ਦੇ ਅਧੀਨ ਸਥਾਪਤ ਕੀਤਾ ਗਿਆ ਜਿਸ ਦੇ ਇਕ ਮੈਂਬਰ ਹੋਣ ਦੀ ਥਾਂ ਹੁਣ ਤਿੰਨ ਜੱਜ ਮੈਂਬਰ ਹੋਣਗੇ। ਇਸ ਸਬੰਧੀ ਫੈਸਲਾ 'ਪੰਜਾਬ ਸਮਝੌਤੇ' ਵਿਚ ਕੀਤਾ ਗਿਆ ਸੀ।

ਸ਼੍ਰੋਮਣੀ ਅਕਾਲੀ ਦਲ, ਮਾਰਕਸੀ ਕਮਿਊਨਿਸਟ ਪਾਰਟੀ, ਜਨਤਾ ਪਾਰਟੀ ਦੇ ਸ੍ਰੀ ਕਿਰਪਾਲ ਸਿੰਘ ਅਤੇ ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਹਿਤ ਅਭਿਲਾਸ਼ੀ, ਕਾਂਗਰਸ ਆਈ ਦੇ ਸ੍ਰੀਮਤੀ ਗੁਰਵਿੰਦਰ ਕੌਰ ਨੇ ਵੀ ਸ੍ਰੀ ਮਸਤਾਨਾ ਦੀ ਮੌਤ ਉਤੇ ਸ਼ੋਕ ਪ੍ਰਗਟ ਕੀਤਾ।

ਜਸਵੰਤ ਸਿੰਘ ਰਾਹੀ

ਅੰਬਰ ਦੇ ਵਿਚ ਯਾਰ ਕਦੀ ਜੇ ਫੱਸ ਜਾਈਏ,
ਬੱਦਲ ਬਣ ਕੇ ਧਰਤੀ ਉੱਤੇ ਵੱਸ ਜਾਈਏ।
ਚਾਰ ਚੌਫੇਰੇ ਕਿਰਨਾਂ ਖੜੀਆਂ ਹੁਸਨ ਦੀਆਂ,
ਕਿਹੜੇ ਪਾਸੇ ਜਾਨ ਬਚਾ ਕੇ ਨੱਸ ਜਾਈਏ।
ਮਨ ਕਹਿੰਦਾ ਹੈ ਯਾਦ ਤੇਰੀ ਜੇ ਬੁੱਤ ਬਣੇ,
ਜੱਗ ਦੇ ਉਤੋਂ ਜਾਣ ਲੱਗੇ ਤੇ ਹੱਸ ਜਾਈਏ।
ਬਾਗ਼ਾਂ ਵਾਲੇ ਰੁੱਖ ਖਲੋਤੇ ਰਹਿੰਦੇ ਨਹੀਂ,
ਮਹਿਕਾਂ ਨਾਲ ਇਹਨਾਂ ਦੀਆਂ ਮੁਸ਼ਕਾਂ ਕੱਸ ਜਾਈਏ।
ਕੱਪੜਿਆਂ ਸੰਗ ਨੰਗ ਲਕੋਏ ਜਾਣੇ ਨਹੀਂ,
ਮਿਹਨਤ ਦੀ ਕੋਈ ਗੱਲ ਇਹਨਾਂ ਨੂੰ ਦੱਸ ਜਾਈਏ।
ਘੁੱਪ ਹਨੇਰੇ ਸੱਪਾਂ ਮੀਟਿੰਗ ਕੀਤੀ ਹੈ,
ਨਠਦੇ ਨਠਦੇ ਦਿਨ ਚੜ੍ਹਦੇ ਨੂੰ ਡੱਸ ਜਾਈਏ।

o

ਤਲਵਿੰਦਰ ਸਿੰਘ ਪਰਮਾਰ ਵਲੋਂ ਪੁਲਸ ਮਹਿਕਮੇ ਉਤੇ ਦੋਸ਼ — 'ਮੈਨੂੰ ਤੰਗ ਕੀਤਾ ਜਾ ਰਿਹਾ ਹੈ'



ਟਰਾਂਟੋ — 'ਗਲੋਬ ਐਂਡ ਮੇਲ' ਦੇ ਪੱਤਰਕਾਰ ਸ੍ਰੀ ਜ਼ੁਹੇਰ ਕਸ਼ਮੀਰੀ ਨਾਲ ਮੁਲਾਕਾਤ ਵਿਚ ਬਰਨਬੀ ਨਿਵਾਸੀ ਤਲਵਿੰਦਰ ਸਿੰਘ ਪਰਮਾਰ ਨੇ ਦੋਸ਼ ਲਾਇਆ ਹੈ ਕਿ ਪੁਲਸ ਉਸ ਨੂੰ ਖਾਮਖਾਹ ਕੇਸਾਂ ਵਿਚ ਫਸਾ ਰਹੀ ਹੈ।

ਇਕ ਟੈਲੀਫੋਨ ਮੁਲਾਕਾਤ ਵਿਚ ਪਰਮਾਰ ਨੇ ਪੱਤਰਕਾਰ ਨੂੰ ਦੱਸਿਆ ਕਿ ਆਰ. ਸੀ. ਐਮ. ਪੀ. ਦੇ ਪੁਲਸ ਅਫਸਰਾਂ ਨੇ ਉਸਨੂੰ ਕਈ ਘੰਟੇ ਦੋਵਾਂ ਜਹਾਜ਼ ਹਾਦਸਿਆਂ ਬਾਰੇ ਸਵਾਲ ਪੁੱਛੇ ਅਤੇ ਉਸ ਨੂੰ 7 ਨਵੰਬਰ ਨੂੰ ਵਕੀਲ ਨੂੰ ਮਿਲਣ ਦਿਤਾ ਗਿਆ ਜਦ ਕਿ ਉਸਨੂੰ 6 ਨਵੰਬਰ ਨੂੰ ਹੀ ਹਿਰਾਸਤ ਵਿਚ ਲੈ ਲਿਆ ਗਿਆ ਸੀ।

ਪਰਮਾਰ ਨੇ ਕਿਹਾ ਕਿ ਆਰ. ਸੀ. ਐਮ. ਪੀ. ਦੀ ਟਾਸਕ ਫੋਰਸ ਨੇ, ਜੋ 23 ਜੂਨ ਨੂੰ ਹੋਈ ਹਵਾਈ ਜਹਾਜ਼ ਦੁਰਘਟਨਾਵਾਂ ਦੀ ਤਹਿਕੀਕਾਤ ਕਰ ਰਹੀ ਹੈ, ਉਸ ਦੀ 16 ਸਾਲਾਂ ਲੜਕੇ ਜਸਵਿੰਦਰ ਸਿੰਘ ਨੂੰ ਵੀ ਫਸਾਉਣ ਦੀ ਕੋਸ਼ਿਸ਼ ਕੀਤੀ

ਪਰਮਾਰ ਨੇ ਕਿਹਾ, "ਸਾਨੂੰ ਪਤਾ ਹੈ ਕਿ ਉਨ੍ਹਾਂ ਨੇ ਸੈਂਟਰਲ ਬਰਨਬੀ ਹਾਈ ਸਕੂਲ ਵਿਚ ਉਸ ਦਾ ਲੌਕਰ ਖੋਲ੍ਹਿਆ ਅਤੇ ਉਹ ਉਸਦੇ ਦੋਸਤਾਂ ਕੋਲੋਂ ਉਸਦੇ ਵਿਚਾਰਾਂ ਬਾਰੇ ਪਤਾ ਕਰਦੇ ਰਹੇ ਹਨ।'

ਪਰਮਾਰ ਨੇ ਕਿਹਾ, "ਉਨ੍ਹਾਂ ਨੇ ਮੈਨੂੰ ਧਮਕਾਇਆ ਅਤੇ ਗਾਲ੍ਹਾਂ ਭਰੀ ਬੋਲੀ ਬੋਲਦੇ ਰਹੇ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਕੋਲ ਸਬੂਤ ਮੌਜੂਦ ਹਨ .... ਉਨ੍ਹਾਂ ਨੇ ਕਿਹਾ ਕਿ ਮੈਨੂੰ ਸਾਰੀ ਉਮਰ ਜੇਲ੍ਹ ਵਿਚ ਗੁਜ਼ਾਰਨੀ ਪਵੇਗੀ ਅਤੇ ਮੇਰੇ ਬੱਚੇ ਭੁੱਖੇ ਮਰਨਗੇ।"

ਪੱਤਰਕਾਰ ਸ੍ਰੀ ਕਸ਼ਮੀਰੀ ਨੇ ਆਪਣੀ ਰੀਪੋਰਟ ਵਿਚ ਲਿਖਿਆ ਹੈ ਕਿ ਕਾਰਪੋਰਲ ਕੈੱਨ ਸ਼ਮਿਟ ਨੇ ਪਰਮਾਰ ਵਲੋਂ ਲਾਏ ਦੋਸ਼ਾਂ ਬਾਰੇ ਟਿਪਣੀ ਕਰਨ ਤੋਂ ਇਨਕਾਰ ਕਰ ਦਿਤਾ।

ਪਰਮਾਰ ਅਤੇ ਡੰਕਨ ਤੋਂ ਇਕ ਵਿਅਕਤੀ ਉਤੇ ਇਹ ਕਥਿਤ ਦੋਸ਼ ਲਗਾਏ ਗਏ ਸਨ ਕਿ ਉਨ੍ਹਾਂ ਕੋਲ ਗੈਰ ਕਾਨੂੰਨੀ ਤੌਰ ਉਤੇ ਬਾਰੂਦ ਰੱਖਿਆ ਹੋਇਆ ਸੀ। ਉਨ੍ਹਾਂ ਨੂੰ 6 ਨਵੰਬਰ ਨੂੰ ਹਿਰਾਸਤ ਵਿਚ ਲਿਆ ਗਿਆ ਸੀ। ਏਅਰ ਇੰਡੀਆ ਅਤੇ ਸੀ. ਪੀ. ਏਅਰ ਦੇ ਹਵਾਈ ਜਹਾਜ਼ਾਂ ਦੇ ਹਾਦਸਿਆਂ ਬਾਰੇ ਛੇ ਹੋਰ ਵਿਅਕਤੀਆਂ ਦੇ ਘਰਾਂ ਦੀ ਤਲਾਸ਼ੀ ਵੀ ਲਈ ਗਈ ਸੀ। ਪੁਲਸ ਨੂੰ ਸ਼ੱਕ ਹੈ ਕਿ ਦੋਵਾਂ ਜਹਾਜ਼ਾਂ ਉਤੇ ਬੰਬ ਵੈਨਕੂਵਰ ਤੋਂ ਰੱਖੇ ਗਏ।

ਪਰਮਾਰ ਨੂੰ 9 ਦਿਨ ਜੇਲ੍ਹ ਵਿਚ ਰੱਖਣ ਤੋਂ ਪਿਛੋਂ ਜ਼ਮਾਨਤ ਉਤੇ ਛੱਡ ਦਿਤਾ ਗਿਆ ਸੀ। ਸਰਕਾਰੀ ਵਕੀਲ ਨੇ ਪਿਛਲੇਰੇ ਹਫਤੇ ਪਰਮਾਰ ਵਿਰੁੱਧ ਕੇਸ ਵਾਪਸ ਲੈ ਲਏ ਸਨ ਕਿਉਂਕਿ ਸਬੂਤ ਕਾਫੀ ਨਹੀਂ ਸਨ।

ਪੰਜਾਬ ਦੇ ਤਿੰਨ ਖੁਰਾਕ ਅਧਿਕਾਰੀ ਸਸਪੈਂਡ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਜ਼ਿਲਾ ਫੂਡ ਐਂਡ ਸਪਲਾਈ ਕੰਟਰੋਲਰ, ਪਨਸਪ ਦਾ ਜ਼ਿਲਾ ਮੈਨੇਜਰ ਅਤੇ ਅਸਿਸਟੈਂਟ ਜ਼ਿਲਾ ਫੂਡ ਅਤੇ ਸਪਲਾਈ ਅਧਿਕਾਰੀ ਨੂੰ ਸਮਾਣੇ ਦੀ ਇਕ ਸ਼ੈਲਰ ਨੇ ਚੌਲਾਂ ਦੇ ਵਿਤਰਣ ਸੰਬੰਧੀ ਗੰਭੀਰ ਦੋਸ਼ਾਂ ਥੱਲੇ ਸਸਪੈਂਡ ਕੀਤਾ ਹੈ। ਇਸੇ ਕੇਸ ਵਿਚ ਇਕ ਡਿਪਟੀ ਡਾਇਰੈਕਟਰ ਫੂਡ ਅਤੇ ਸਪਲਾਈ ਵਿਭਾਗ ਦੀ ਵੀ ਬਦਲੀ ਕੀਤੀ ਗਈ ਹੈ ਅਤੇ ਮਾਰਕਫੈਡ ਦੇ ਡਿਸਟਰਿਕਟ ਮੈਨੇਜਰ ਦਾ ਵੀ ਤਬਾਦਲਾ ਕੀਤਾ ਗਿਆ ਹੈ। ਆਰ. ਕੇ. ਖੰਨਾ ਜ਼ਿਲਾ ਫੂਡ ਕੰਟਰੋਲਰ ਪਟਿਆਲਾ ਪੀ. ਐਸ. ਬੰਗਾ ਜ਼ਿਲਾ ਮੈਨੇਜਰ ਪਨਸਪ ਪਟਿਆਲਾ ਅਤੇ ਸੋਹਣ ਸਿੰਘ ਅਸਿਸਟੈਂਟ ਫੂਡ ਅਤੇ ਸਪਲਾਈ ਅਧਿਕਾਰੀ ਸਮਾਨਾ ਉਤੇ ਚੌਲਾਂ ਦੇ ਵਿਤਰਣ ਦੇ ਗੰਭੀਰ ਦੋਸ਼ ਹਨ।

ਇਹਨਾਂ ਨੂੰ ਸਸਪੈਂਡ ਕਰਨ ਦਾ ਆਦੇਸ਼ ਸ: ਸੁਰਜੀਤ ਸਿੰਘ ਬਰਨਾਲਾ ਨੇ ਕੀਤਾ ਅਤੇ ਬਾਕੀ ਸਬੰਧਿਤ ਅਧਿਕਾਰੀਆਂ ਦੇ ਖਿਲਾਫ ਵੀ ਕਾਰਵਾਈ ਕਰਨ ਦਾ ਨਿਰਦੇਸ਼ ਆਪਣੇ ਪ੍ਰਿੰਸੀਪਲ ਸਕੱਤਰ ਨੂੰ ਦਿਤਾ।

ਸੰਖੇਪ ਪਰ ਵਿਸ਼ੇਸ਼

- ਰਾਜ ਸਭਾ ਦਾ ਨਵਾਂ ਸੈਸ਼ਨ 21 ਅਪ੍ਰੈਲ ਤੋਂ ਸ਼ੁਰੂ ਹੋ ਰਿਹਾ ਹੈ ਜੋ 9 ਮਈ ਤੱਕ ਚੱਲੇਗਾ।
- ਪੰਜਾਬ, ਹਰਿਆਣਾ ਤੇ ਹਿਮਾਚਲ ਵਿਚ ਮੁਕੰਮਲ ਬੰਦ ਪੰਜਾਬ ਵਿਚ ਹੋਏ ਕਤਲਾਂ ਵਿਰੁੱਧ ਗੁੱਸਾ ਪ੍ਰਗਟਾਉਣ ਲਈ ਤਿੰਨੇ ਸੂਬੇ ਮੁਕੰਮਲ ਬੰਦ ਰਹੇ।
- ਲੁਧਿਆਣੇ ਦੇ ਕਤਲਾਂ ਦੀ ਜ਼ਿੰਮੇਂਵਾਰੀ ਦੋ ਅਤਿਵਾਦੀ ਸੰਸਥਾਵਾਂ ਨੇ ਲਈ।
- ਕੈਨੇਡਾ 'ਖਾਲਿਸਤਾਨ' ਦੇ ਅਖੌਤੀ ਡਿਪਲੋਮੈਟਾਂ ਵਿਰੁੱਧ ਮੁਕੱਦਮਾ ਚਲਾਵੇਗਾ।
- ਬਰਨਾਲਾ ਸਰਕਾਰ ਵਿਚ ਪੰਜਾਬ ਦੇ ਲੋਕਾਂ ਦਾ ਵਿਸ਼ਵਾਸ਼ ਘਟਿਆ।
- ਚਾਰਲਸ ਸੋਭਰਾਜ ਨੂੰ ਤਿਹਾੜ ਵਿਚੋਂ ਭਜਾਉਣ ਲਈ ਦਲਜੀਤ ਸਿੰਘ ਭੱਲਾ ਅਤੇ ਸਨੇਹ ਸੰਗਰ ਦੋਸ਼ੀ।
- ਯੂ. ਪੀ. ਦੇ ਪੰਜ ਸ਼ਹਿਰਾਂ ਵਿਚ ਕਰਫੀਊ ਜਾਰੀ
- ਪਾਕਿਸਤਾਨ ਸਰਹੱਦ ਉਤੇ ਚਾਰ ਅਤਿਵਾਦੀ ਮਾਰੇ ਗਏ।
- ਪੰਜਾਬ - ਰਾਜਸਥਾਨ ਸਰਹੱਦ ਸੀਲ ਕਰ ਦਿੱਤੀ ਗਈ
- ਪੰਜਾਬ ਵਿਚ ਹੋਏ ਕਤਲਾਂ ਵਿਰੁਧ ਦਿੱਲੀ ਦੇ ਸਿੱਖਾਂ ਵਲੋਂ ਮੁਜ਼ਾਹਰੇ ਲਾਮਬੰਦ।
- ਟਕਸਾਲ ਦੇ ਕਾਰਜਕਾਰੀ ਆਗੂ ਬਾਬਾ ਠਾਕਰ ਸਿੰਘ ਨੇ ਫੈਡਰੇਸ਼ਨ ਨਾਲੋਂ ਸਬੰਧ ਤੋੜ ਲਏ।
- ਪੁਲਸ ਨੇ ਅਹਿਮਦਾਬਾਦ ਵਿਚ ਗੋਲੀ ਚਲਾਈ।
- ਤਾਮਿਲਨਾਡੂ ਦੇ ਗਿਆਰਾਂ ਵਜ਼ੀਰ ਪਾਰਟੀ ਲਈ ਕੰਮ ਕਰਨ ਲਈ ਅਸਤੀਫੇ ਦੇਣਗੇ।

ਦੁਨੀਆਂ ਦੇ ਕੁਝ ਅਜੂਬੇ

☆ ਬਿਗ ਬੈਨ ਦੁਨੀਆਂ ਦਾ ਸਭ ਤੋਂ ਵੱਡਾ ਕਲਾਕ ਲੰਡਨ ਸ਼ਹਿਰ ਦੇ 320 ਫੁੱਟ ਉਚੇ ਬੁਰਜ ਵਿਚ ਲੱਗਾ ਹੋਇਆ ਹੈ। ਇਸ ਵਿਚਲੀ ਮਸ਼ੀਨ ਦਾ ਭਾਰ 5-ਟਨ ਹੈ। ਮਿੰਟਾਂ-ਵਾਲੀ ਸੂਈ 14 ਫੁੱਟ ਲੰਮੀ ਹੈ। ਸ਼ੀਸ਼ੇ ਦਾ ਵਿਆਸ 23 ਫੁੱਟ ਹੈ। ਹਫ਼ਤੇ ਵਿਚ ਤਿੰਨ ਵਾਰੀ ਬਿਜਲੀ ਰਾਹੀਂ ਚਾਬੀ ਭਰੀ ਜਾਂਦੀ ਹੈ।

☆ ਸਭ ਤੋਂ ਵੱਡਾ ਬੁੱਤ ਨਿਊਯਾਰਕ ਵਿਚ ਆਜ਼ਾਦੀ ਦਾ ਬੁੱਤ ਹੈ। ਹੇਠਲਾ ਧੜ 155 ਫੁੱਟ ਉਚਾ ਹੈ। ਇਸ ਉਪਰਲਾ ਤਾਂਬੇ ਅਤੇ ਲੋਹੇ ਦਾ ਬੁੱਤ 151 ਫੁੱਟ ਉਚਾ ਹੈ। ਇਸ ਬੁੱਤ ਦੇ ਸਿਰ ਵਿਚ 40 ਆਦਮੀ ਸਮਾ ਸਕਦੇ ਹਨ।

☆ ਸਭ ਤੋਂ ਵੱਡੀ ਡਾਟ ਪੋਰਟ ਰਿਚਮਾਂਡ (ਉਤਰੀ ਅਮਰੀਕਾ) ਦੇ ਨੇੜੇ ਹੈ। ਇਸ ਦੀ ਚੌੜਾਈ 1625 ਫੁੱਟ ਹੈ।

☆ ਸਭ ਤੋਂ ਲੰਮੀ ਸੀਮੈਂਟ ਪਲੱਸਤਰ ਨਹਿਰ ਪੰਜਾਬ ਦੀ ਭਾਖੜਾ ਮੇਨ ਲਾਈਨ ਹੈ ਜੋ 108 ਮੀਲ ਲੰਮੀ ਹੈ।

-ਪਰੋਮਿਲਾ ਸ਼ਰਮਾ

ਸਮਕਾਲੀ ਟਿੱਪਣੀਆਂ

ਪੰਜਾਬ ਦੀ ਫਿਰਕੂ ਸਦਭਾਵਨਾ ਕਮੇਟੀ ਦੀ ਹੁਣੇ ਹੋਈ ਮੀਟਿੰਗ ਵਿਚ ਇਸ ਗੱਲ 'ਤੇ ਭਾਰੀ ਚਿੰਤਾ ਪ੍ਰਗਟ ਕੀਤੀ ਗਈ ਕਿ ਕੁਝ ਹਲਕਿਆਂ ਵਲੋਂ ਪੰਜਾਬ ਦੀ ਰਾਜਸੀ ਤੇ ਸਮਾਜਕ ਸਥਿਤੀ ਨੂੰ ਡਾਵਾਂਡੋਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸ ਗੱਲ ਉਤੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਕਿ ਦੇਸ਼ ਦੇ ਅੰਦਰ ਅਤੇ ਬਾਹਰ ਕੁਝ ਲੋਕ ਅਜਿਹੀਆਂ ਸਰਗਰਮੀਆਂ ਵਿਚ ਲੱਗੇ ਹੋਏ ਹਨ ਜਿਨ੍ਹਾਂ ਦਾ ਉਦੇਸ਼ ਪੰਜਾਬ ਦੀ ਫਿਰਕੂ ਸਦਭਾਵਨਾ ਨੂੰ ਖਤਮ ਕਰਨਾ ਹੈ। ਅਸੀਂ ਇਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਪੰਜਾਬ ਵਿਚ ਜਿਹੜੀਆਂ ਹੁਣੇ ਜਿਹੇ ਹੀ ਘਟਨਾਵਾਂ ਵਾਪਰੀਆਂ ਹਨ ਉਨ੍ਹਾਂ ਤੋਂ ਵੀ ਇਹ ਗੱਲ ਸਪਸ਼ਟ ਹੋ ਜਾਂਦੀ ਹੈ। ਪਰ ਇਕ ਵਧੀਆ ਗੱਲ ਹੈ ਕਿ ਫਿਰਕੂ ਸਦਭਾਵਨਾ ਨੂੰ ਵਿਗਾੜਨ ਵਾਲੇ ਆਪਣੀਆਂ ਕੋਸ਼ਿਸ਼ਾਂ ਵਿਚ ਸਫਲ ਨਹੀਂ ਹੋ ਸਕੇ। ਐਵੇਂ ਇਕ ਦੋ ਵਾਰਦਾਤਾਂ ਤੋਂ ਸਿਵਾਏ ਸਾਰੇ ਰਾਜ ਵਿਚ ਕਿਤੇ ਵੀ ਫਿਰਕੂ ਸਦਭਾਵਨਾ ਨਹੀਂ ਵਿਗੜੀ। ਪਹਿਲਾਂ ਵਾਂਗ ਹੀ ਪਿੰਡਾਂ ਤੇ ਸ਼ਹਿਰਾਂ ਵਿਚ ਸਭ ਫਿਰਕੀਆਂ ਦੇ ਲੋਕ ਇਕੱਠੇ ਕਾਰੋਬਾਰ ਕਰਦੇ ਅਤੇ ਨਿਤ-ਪ੍ਰਤੀ ਜੀਵਨ ਵਿਚ ਵਿਚਰਦੇ ਆ ਰਹੇ ਹਨ। ਇਹ ਇਕ ਹੋਰ ਵੀ ਚੰਗੀ ਗੱਲ ਹੈ ਕਿ ਕੇਂਦਰ ਵਲੋਂ ਪੰਜਾਬ ਨਾਲ ਹੁਣ ਜਿਹੜਾ ਧੋਖਾ ਕੀਤਾ ਗਿਆ ਹੈ ਉਸ ਨੇ ਪੰਜਾਬੀਆਂ ਨੂੰ ਸਾਂਝੇ ਮੰਚ ਉਤੇ ਲਿਆ ਖੜ੍ਹਾ ਕੀਤਾ ਹੈ।

—ਅਜੀਤ

ਇਸ ਵੇਲੇ ਪੰਜਾਬ ਦਾ ਹਰ ਨਿੱਕਾ ਤੇ ਵੱਡਾ ਕਾਂਗਰਸੀ ਸਿਵਾਏ ਅਕਾਲੀ ਸਰਕਾਰ ਨੂੰ ਕੋਸਣ ਦੇ ਹੋਰ ਕੁਝ ਵੀ ਨਹੀਂ ਕਰ ਰਿਹਾ। ਉਨ੍ਹਾਂ ਨੂੰ ਪੰਜਾਬ ਨਾਲ ਕੋਈ ਦਿਲਚਸਪੀ ਨਹੀਂ, ਉਨ੍ਹਾਂ ਦੀਆਂ ਅੱਖਾਂ ਉਸ ਕੁਰਸੀ ਉਪਰ ਟਿਕੀਆਂ ਹੋਈਆਂ ਹਨ, ਜਿਹੜੀ ਪੰਜਾਬੀਆਂ ਨੇ ਉਨ੍ਹਾਂ ਪਾਸੋਂ ਖੋਹ ਲਈ ਹੈ। ਹੁਣ ਇਹ ਲੋਕ ਅਜਿਹੇ ਯਤਨਾਂ ਵਿਚ ਹਨ ਕਿ ਅਕਾਲੀ ਸਰਕਾਰ ਨੂੰ ਇਸ ਹੱਦ ਤਕ ਬਦਨਾਮ ਤੇ ਕਮਜ਼ੋਰ ਕੀਤਾ ਜਾਵੇ ਕਿ ਸਰਕਾਰ ਡਿੱਗ ਪਵੇ ਤਾਂ ਕਿ ਮੁੜ ਚੋਣਾਂ ਵਿਚ ਉਨ੍ਹਾਂ ਦਾ ਦਾਅ ਲੱਗ ਸਕੇ, ਪਰ ਇਨ੍ਹਾਂ ਕਾਂਗਰਸੀਆਂ ਨੂੰ ਸ਼ਾਇਦ ਇਹ ਪਤਾ ਨਹੀਂ ਕਿ ਇਸ ਪਾਰਟੀ ਦੀਆਂ ਕਾਰਗੁਜ਼ਾਰੀਆਂ ਤੋਂ ਪੰਜਾਬੀ ਏਨੇ ਦੁਖੀ ਹੋਏ ਹਨ ਕਿ ਉਹ ਮੁੜ ਉਨ੍ਹਾਂ ਨੂੰ ਰਾਜ ਸੱਤਾ ਵਿਚ ਲਿਆਉਣ ਦੀ ਭੁੱਲ ਕੇ ਵੀ ਗਲਤੀ ਨਹੀਂ ਕਰਨਗੇ।

—ਅਕਾਲੀ ਪੱਤਰਕਾ

ਪਿਛਲੇ ਚਾਰ ਸਾਲਾਂ ਤੋਂ ਖਾਸ ਕਰਕੇ ਸਿੱਖ ਸਿਆਸਤ ਘੁੰਮਣਘੇਰੀ ਵਿਚ ਫਸੀ ਹੋਈ ਹੈ। ਇਸ ਮੌਕੇ 'ਤੇ ਵਿਸਥਾਰ ਵਿਚ ਜਾਣਾ ਤਾਂ ਸੰਭਵ ਨਹੀਂ ਪਰ ਬੁਨਿਆਦੀ ਤੌਰ 'ਤੇ ਮੌਜੂਦਾ ਸਮੱਸਿਆ ਦੇ ਦੋ ਕਾਰਨ ਹਨ। ਇਕ ਤਾਂ ਇਹ ਕਿ ਸਿੱਖ ਪੰਥ ਦੇ ਸ਼ਰਧਾਲੂ ਧਰਮ ਅਤੇ ਸਿਆਸਤ ਨੂੰ ਵੱਖਰਾ ਨਹੀਂ ਕਰਨਾ ਚਾਹੁੰਦੇ ਇਸ ਨਾਲ ਉਨ੍ਹਾਂ ਦੀਆਂ ਆਪਣੀਆਂ ਮੁਸ਼ਕਲਾਂ ਵਧ ਰਹੀਆਂ ਹਨ।

ਭਿੰਡਰਾਂਵਾਲਾ ਅਤੇ ਉਸ ਦੇ ਸ਼ਰਧਾਲੂ ਇਸ ਮੇਲ, ਦਾ ਇਕ ਰੂਪ ਦੇਖਦੇ ਹਨ ਅਤੇ ਲੌਂਗੋਵਾਲ ਬਰਨਾਲਾ ਦੀ ਸੋਚ ਵਾਲੇ ਦੂਜਾ ਰੂਪ। ਇਸ ਦੀ ਤਹਿ ਵਿਚ ਇਕ ਅਸੁਰੱਖਿਆ ਦੀ ਭਾਵਨਾ ਵੀ ਹੈ। ਜਿਵੇਂ ਜਿਵੇਂ ਦੇਸ਼ 'ਨੇਸ਼ਨ ਸਟੇਟ' ਬਣਨ ਦੀਆਂ ਮੰਜ਼ਲਾਂ ਤੈਅ ਕਰਦਾ ਹੈ ਤਿਵੇਂ ਤਿਵੇਂ ਘੱਟ ਗਿਣਤੀਆਂ ਵਾਲੇ ਫਿਰਕੇ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹਨ ਅਤੇ ਇਹ ਧਾਰਨਾ ਹੋਰ ਵੀ ਵਧ ਜਾਂਦੀ ਹੈ ਜਦੋਂ ਬਹੁਮਤ ਵਾਲੇ ਧੌਂਸ ਦੀ ਸਿਆਸਤ ਅਪਨਾਉਂਦੇ ਹਨ ਜਾਂ ਹਿੰਦੂ ਕੱਟੜਵਾਦੀਆਂ ਨੂੰ ਉਤਸ਼ਾਹਤ ਕਰਦੇ ਹਨ।

—ਜੱਗ ਬਾਣੀ

ਧਰਮ ਅਤੇ ਮਿਹਨਤ-ਕਸ਼ ਲੋਕਾਂ ਦੇ ਸੰਘਰਸ਼

—ਜੋਗਿੰਦਰ ਦਿਆਲ—

ਅਜ ਸਾਡੇ ਸਾਹਮਣੇ ਵਿਚਾਰਧਾਰਿਕ ਅਤੇ ਰਾਜਸੀ ਖੇਤਰ ਵਿਚ ਇਕ ਮੁਖ ਪ੍ਰਸ਼ਨ ਇਹ ਹੈ ਕਿ "ਧਰਮ" ਅਤੇ ਰਾਜਸੱਤਾ ਅਤੇ ਧਰਮ ਅਤੇ ਵਿਦਿਆ ਦਾ ਨਿਖੇੜਾ ਹੋਣਾ ਚਾਹੀਦਾ ਹੈ। ਧਰਮ ਇਨਸਾਨ ਦਾ ਇਕ ਨਿਜੀ ਵਿਅਕਤੀਗਤ ਮੁਆਮਲਾ ਹੈ ਅਤੇ ਇਸ ਦਾ ਰਾਜਨੀਤੀ ਨਾਲ ਅਤੇ ਰਾਜ ਭਾਗ ਨਾਲ ਕੋਈ ਸਬੰਧ ਨਹੀਂ ਹੋਣਾ ਚਾਹੀਦਾ ਕੋਈ ਵੀ ਵਿਅਕਤੀ ਕਿਸੇ ਵੀ ਧਰਮ ਅਤੇ ਕਿਸੇ ਵੀ ਰਾਜਸੀ ਸੋਚ ਵਿਚ ਵਿਸ਼ਵਾਸ਼ ਰੱਖ ਸਕਦਾ ਹੈ। ਇਸ ਦੀ ਪੂਰੀ ਸੁਤੰਤਰਤਾ ਹੋਣੀ ਚਾਹੀਦੀ ਹੈ। ਧਰਮ ਅਤੇ ਸਿਆਸਤ ਨੂੰ ਰੱਲ-ਗੱਡ ਕਿਉਂ ਕੀਤਾ ਜਾਂਦਾ ਹੈ? ਇਸ ਪ੍ਰਸ਼ਨ ਦਾ ਉਤਰ ਤਾਂ ਹੀ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ ਜੇ ਅਸੀਂ ਇਸ ਗੱਲ ਦੀ ਡੂੰਘਿਆਈ ਵਿਚ ਜਾਈਏ ਕਿ ਕਿਹੜੀਆਂ ਰਾਜਸੀ ਸ਼ਕਤੀਆਂ ਨੂੰ ਇਸ ਦਾ ਲਾਭ ਪਹੁੰਚਦਾ ਹੈ। ਇਸ ਗਲ ਦੀ ਤਹਿ ਵਿਚ ਜਾਣ ਲਈ ਅਜ ਸਮਾਜੀ ਬਣਤਰ ਉਤੇ ਝਾਤ ਮਾਰਨੀ ਪਵੇਗੀ।

ਸਾਡਾ ਸਮਾਜ ਅਜ ਦੋ ਵਿਰੋਧੀ ਵਰਗਾਂ ਵਿਚ ਵੰਡਿਆ ਹੋਇਆ ਹੈ। ਇਕ ਪਾਸੇ ਉਹ ਜਮਾਤਾਂ ਹਨ ਜਿਨ੍ਹਾਂ ਪਾਸ ਪੈਦਾਵਾਰ ਸਾਧਨ, ਧਨ ਦੌਲਤ ਹੈ। ਦੂਜੇ ਪਾਸੇ ਉਹ ਕਰੋੜਾਂ ਮਿਹਨਤਕਸ਼ ਹਨ ਜਿਹੜੇ ਆਪਣੀ ਮਿਹਨਤ ਸ਼ਕਤੀ ਨੂੰ ਵੇਚਕੇ ਮੁਸ਼ਕਲ ਨਾਲ ਆਪਣਾ ਗੁਜ਼ਾਰਾ ਕਰਦੇ ਹਨ। ਮਿਹਨਤਕਸ਼ ਲੋਕਾਂ ਨੂੰ ਮੁਠੀ ਭਰ ਸਰਮਾਏਦਾਰ ਅਤੇ ਜਾਗੀਰਦਾਰ ਆਰਥਿਕ ਅਤੇ ਰਾਜਸੀ ਜਕੜ ਵਿਚ ਰਖਦੇ ਹਨ ਅਤੇ ਮਿਹਨਤਕਸ਼ ਲੋਕਾਂ ਨੂੰ ਕਈ ਕਿਸਮ ਦੇ ਸਮਾਜੀ ਜਬਰਾਂ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ। ਲੁਟੇਰਾ ਜਮਾਤਾਂ ਦੇ ਜਬਰ ਦੇ ਵਿਰੁੱਧ ਮਿਹਨਤਕਸ਼ ਲੋਕ ਆਪਦੇ ਸੰਘਰਸ਼ ਵਿਚ ਬੇਬਸੀ ਮਹਿਸੂਸ ਕਰਦੇ ਹਨ ਅਤੇ ਉਹ ਆਪਣੀਆਂ ਮੁਸ਼ਕਲਾਂ ਦਾ ਹੱਲ ਧਰਮ ਵਿਚ ਲਭਦੇ ਹਨ। ਧਰਮ ਮਿਹਨਤਕਸ਼ ਲੋਕਾਂ ਨੂੰ, ਜਿਹੜੇ ਹੱਡ ਭੰਨ੍ਹ ਮਿਹਨਤ ਕਰਦੇ ਹਨ ਅਤੇ ਹਮੇਸ਼ਾਂ ਹੀ ਆਪਣੀਆਂ ਜ਼ਰੂਰਤਾਂ ਦੇ ਗੁਲਾਮ ਰਹਿੰਦੇ ਹਨ ਇਹ ਸਿਖਾਉਂਦਾ ਹੈ ਕਿ ਤੁਸੀਂ ਇਸ ਦੁਨੀਆਂ ਵਿਚ ਸਬਰ ਅਤੇ ਸਹਿਨਸ਼ੀਲਤਾ ਨਾਲ ਰਹੋ ਤਾਂ ਕਿ ਅਗਲੀ ਦੁਨੀਆਂ ਵਿਚ ਤੁਹਾਨੂੰ ਸਵਰਗ ਮਿਲੇ। ਦੂਜੇ ਪਾਸੇ ਉਹਨਾਂ ਲੋਕਾਂ ਨੂੰ ਜਿਹੜੇ ਦੂਜੇ ਦੀ ਮਿਹਨਤ ਨੂੰ ਲੁੱਟਦੇ ਹਨ ਅਤੇ ਐਸ਼ ਦਾ ਜੀਵਨ ਬਸਰ ਕਰਦੇ ਹਨ ਉਹਨਾਂ ਨੂੰ ਇਹ ਸਿਖਾਉਂਦਾ ਹੈ ਕਿ ਤੁਸੀਂ ਇਥੇ ਕੁਝ ਦਾਨ ਕਰੋ ਤਾਂ ਕਿ ਤੁਹਾਡੇ ਲਈ ਸਵਰਗ ਰਾਖਵਾਂ ਹੋ ਜਾਵੇ। ਧਰਮ ਇਸ ਤਰ੍ਹਾਂ ਦੋਹਾਂ ਨੂੰ ਹੀ ਸੁਰਗ ਦੇ ਸੋਹਣੇ ਸੁਪਨੇ ਵਿਖਾਉਂਦਾ ਹੈ ਅਤੇ ਇਸ ਲੁਟੇਰੇ ਸਮਾਜ, ਜਿਸ ਵਿਚ ਕਰੋੜਾਂ ਲੋਕ ਬੇਕਾਰੀ, ਗਰੀਬੀ ਅਤੇ ਅਨਪੜ੍ਹਤਾ ਦਾ ਸ਼ਿਕਾਰ ਹਨ, ਨੂੰ ਕਾਇਮ ਰਖਦਾ ਹੈ।

ਧਰਮ ਦਾ ਨਿਕਾਸ ਵੀ ਖਾਸ ਸਮਾਜੀ ਹਾਲਤਾਂ ਵਿਚ ਹੋਇਆ ਹੈ। ਆਰੰਭ ਵਿਚ ਇਨਸਾਨ ਦੀ ਕੁਦਰਤ ਨੂੰ ਆਪਣੇ ਅਨੁਕੂਲ ਬਨਾਉਣ ਦੇ ਸੰਘਰਸ਼ ਵਿਚ ਬੇਬਸੀ ਅਤੇ ਫਿਰ ਵਿਰੋਧੀ ਜਮਾਤੀ ਸਮਾਜ ਵਿਚ ਲੁੱਟ ਖਸੁੱਟ ਦੇ ਵਿਰੁੱਧ ਸੰਘਰਸ਼ ਵਿਚ ਬੇਬਸੀ ਕਾਰਨ ਉਹ ਧਰਮ ਵਿਚੋਂ ਸਹਾਰਾ ਲੱਭਦੇ ਹਨ। ਜਮਾਤੀ ਸਮਾਜ ਵਿਚ ਲੁਟੇਰਾ ਜਮਾਤਾਂ ਆਪਣੀ ਲੁਟ ਨੂੰ ਕਾਇਮ ਰਖਣ ਲਈ ਧਰਮ ਨੂੰ ਵਰਤਦੀਆਂ ਹਨ।

ਧਰਮ ਨੂੰ ਹਮੇਸ਼ਾਂ ਹੀ ਲੁਟੇਰਾ ਜਮਾਤਾਂ ਨੇ ਆਪਣੀ ਆਰਥਕ ਤੇ ਰਾਜਸੀ ਸ਼ਕਤੀ ਨੂੰ ਕਾਇਮ ਰਖਣ ਲਈ ਵਰਤਿਆ। ਇਸ ਲਈ ਲੋਕਾਂ ਦੀ ਵੰਡ ਨਾ ਤਾਂ ਇਸ ਗੱਲ ਉਤੇ ਹੋਣੀ ਚਾਹੀਦੀ ਹੈ ਕਿ ਕੌਣ ਆਸਤਕ ਹੈ ਅਤੇ ਕੌਣ ਨਾਸਤਕ ਅਤੇ ਨਾ ਇਸ ਗੱਲ ਉਤੇ ਕਿ ਕੌਣ ਧਰਮ ਨੂੰ ਮੰਨਦਾ ਹੈ ਅਤੇ ਕੌਣ ਧਰਮ ਨੂੰ ਨਹੀਂ ਮੰਨਦਾ। ਮਿਹਨਤਕਸ਼ ਲੋਕਾਂ ਵਿਚ ਲੱਖਾਂ ਲੋਕ ਇਸ ਤਰ੍ਹਾਂ ਦੇ ਹਨ ਜਿਹੜੇ ਵੱਖ ਵੱਖ ਧਰਮਾਂ ਨੂੰ ਮੰਨਦੇ ਹਨ ਪਰ ਉਹ ਸਾਰੇ ਹੀ ਮਿਹਨਤਕਸ਼ ਲੋਕ ਹਨ ਜਿਹਨਾਂ ਦੀ ਮਿਹਨਤ ਸ਼ਕਤੀ ਨੂੰ ਸਰਮਾਏਦਾਰ ਜਾਂ ਜਗੀਰਦਾਰ ਲੁਟਦੇ ਹਨ। ਮਜ਼ਦੂਰ ਇਕ ਜਮਾਤ ਹੈ ਜਿਸ ਦੇ ਜਮਾਤੀ ਹਿਤ ਇਕ ਹਨ ਭਾਵੇਂ ਉਸ ਦੇ ਧਰਮ ਵਖਰੇ ਵਖਰੇ ਹੋਣ, ਇਸੇ ਤਰ੍ਹਾਂ ਸਰਮਾਏਦਾਰ ਜਾਂ ਜਗੀਰਦਾਰ ਵੀ ਇਕ ਜਮਾਤ ਹਨ। ਉਹਨਾਂ ਦੇ ਜਮਾਤੀ ਹਿਤ ਇਕ ਹਨ ਭਾਵੇਂ ਉਹ ਵੱਖਰੇ ਵੱਖਰੇ ਧਰਮਾਂ ਦੇ ਹੋਣ। ਇਸੇ ਤਰ੍ਹਾਂ ਹਰ ਧਰਮ ਵਿਚ ਚੰਦ ਮੁਠੀਭਰ ਸਰਮਾਏਦਾਰ ਹਨ ਜਿਹੜੇ ਉਸੇ ਹੀ ਧਰਮ ਦੇ ਲੱਖਾਂ ਮਿਹਨਤਕਸ਼ ਮਜ਼ਦੂਰਾਂ, ਕਿਸਾਨਾਂ, ਖੇਤ ਮਜ਼ਦੂਰਾਂ ਦੀ ਲੁਟ ਕਰਦੇ ਹਨ। ਇਕੋ ਧਰਮ ਨੂੰ ਮੰਨਣ ਵਾਲੇ ਵਿਅਕਤੀ ਵੱਖ ਵੱਖ ਰਾਜਸੀ ਵਿਚਾਰਧਾਰਾ ਰਖ ਸਕਦੇ ਹਨ। ਜੇ ਧਰਮ ਅਤੇ ਸਿਆਸਤ ਨੂੰ ਰਲ ਗੱਡ ਕਰ ਦਈਏ ਤਾਂ ਅਤੇ ਧਰਮ ਉਤੇ ਅਧਾਰਤ ਰਾਜਨੀਤੀ ਦੀ ਗੱਲ ਕਰੀਏ ਤਾਂ ਇਸ ਤੋਂ ਸਪਸ਼ਟ ਹੈ ਕਿ ਇਕੋ ਧਰਮ ਵਿਚ ਭਰੋਸਾ ਰੱਖਣ ਨਾਲ ਲੋਕਾਂ ਦੇ ਇਕੋ ਰਾਜਸੀ ਵਿਚਾਰ ਹੋਣੇ ਚਾਹੀਦੇ ਹਨ। ਜਿਥੇ ਇਹ ਸਿਧਾਂਤ ਇਸ ਗੱਲ ਦੇ ਉਲਟ ਹੈ ਕਿ ਹਰ ਵਿਅਕਤੀ ਨੂੰ ਆਪਣੀ ਜ਼ਮੀਰ ਮੁਤਾਬਕ ਆਪਣੇ ਵਿਚਾਰ ਰਖਣ ਦੀ ਸੁਤੰਤਰਤਾ ਹੋਵੇ, ਉਥੇ ਇਹ ਸਿਧਾਂਤ ਉਸ ਵਰਗ ਚੇਤਨਾ ਅਤੇ ਵਰਗ ਸੰਘਰਸ਼ ਨੂੰ ਖੁੰਢਾ ਕਰਦਾ ਹੈ ਅਤੇ ਲੁਟੇਰਾ ਜਮਾਤ ਦੀ ਲੁਟ ਨੂੰ ਕਾਇਮ ਰਖਣ ਲਈ ਉਨ੍ਹਾਂ ਜਮਾਤਾਂ ਦੇ ਹੱਥ ਵਿਚ ਵਿਚਾਰਧਾਰਕ ਹਥਿਆਰ ਹੈ। ਮਿਹਨਤਕਸ਼ ਲੋਕਾਂ ਦੇ ਆਪਣੇ ਹੱਕੀ ਜਮਾਤੀ ਸੰਘਰਸ਼ ਤਾਂ ਹੀ ਸਫਲ ਹੋ ਸਕਦੇ ਹਨ ਜੇ ਉਹਨਾਂ ਵਿਚ ਏਕਤਾ ਹੋਵੇ, ਧਰਮ ਉਤੇ ਆਧਾਰਤ ਰਾਜਨੀਤੀ ਦੇ ਨਾਲ ਮਿਹਨਤਕਸ਼ ਲੋਕਾਂ ਦੇ ਸੰਘਰਸ਼ਾਂ ਵਿਚ ਫੁਟ ਪੈਂਦੀ ਹੈ ਅਤੇ ਇਸ ਦਾ ਲਾਭ ਲੁਟੇਰਾ ਜਮਾਤਾਂ ਨੂੰ ਹੁੰਦਾ ਹੈ।


ਇਸ ਚੌਖਟੇ ਨੂੰ ਸਾਹਮਣੇ ਰਖ ਕੇ ਜੇ ਅਸੀਂ ਆਪਣੇ ਦੇਸ਼ ਅਤੇ ਪ੍ਰਾਂਤ ਦੀਆਂ ਘਟਨਾਵਾਂ ਨੂੰ ਵੇਖੀਏ ਤਾਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਿਹੜੀਆਂ ਸ਼ਕਤੀਆਂ ਧਰਮ ਅਧਾਰਤ ਰਾਜਨੀਤੀ ਦੇ ਸਿਧਾਂਤ ਦਾ ਪ੍ਰਚਾਰ ਕਰਦੀਆਂ ਹਨ ਜਾਂ ਜਾਤਪਾਤ ਦੇ ਆਧਾਰ ਉਤੇ ਲੋਕਾਂ ਦੀ ਵੰਡ ਕਰਦੀਆਂ ਹਨ, ਉਹ ਮਿਹਨਤਕਸ਼ ਲੋਕਾਂ ਦੇ ਹਿਤ ਦੀ ਗੱਲ ਨਹੀਂ ਕਰਦੀਆਂ ਕਿਉਂਕਿ ਇਹਨਾਂ ਸਿਧਾਂਤਾਂ ਨਾਲ ਮਿਹਨਤਕਸ਼ ਲੋਕਾਂ ਦੇ ਏਕੇ ਨੂੰ ਸੱਟ ਵੱਜਦੀ ਹੈ ਅਤੇ ਉਹਨਾਂ ਦੇ ਜਮਾਤੀ ਸੰਘਰਸ਼ ਕਮਜ਼ੋਰ ਹੁੰਦੇ ਹਨ। ਜਦੋਂ ਅਸੀਂ ਧਰਮ ਅਧਾਰਤ ਰਾਜਨੀਤੀ ਦੀ ਗੱਲ ਕਰਦੇ ਹਾਂ ਤਾਂ ਇਸ ਤੋਂ ਇਹ ਵੀ ਸਪਸ਼ਟ ਹੈ ਕਿ ਅਸੀਂ ਇਕ ਧਰਮ ਅਧਾਰਤ ਰਾਜ ਵੀ ਚਾਹੁੰਦੇ ਹਾਂ। ਇਸ ਦੇ ਲਈ ਇਹ ਦਲੀਲ ਦਿਤੀ ਜਾਂਦੀ ਹੈ ਕਿ ਜੇ ਧਰਮ ਅਧਾਰਤ ਰਾਜ ਹੋਵੇ ਤਾਂ ਸਾਰੇ ਮਸਲਿਆਂ ਦਾ ਹੱਲ ਨਿਕਲ ਆਵੇਗਾ। ਪਰ ਅਸਲੀਅਤ ਇਸ ਦੇ ਉਲਟ ਹੈ। ਸਾਰੇ ਯੂਰਪ ਦੇ ਲੋਕ ਈਸਾਈ ਧਰਮ ਵਿਚ ਵੀ ਵਿਸ਼ਵਾਸ਼ ਰਖਦੇ ਹਨ, ਉਹਨਾਂ ਤੇ ਰਾਜ ਕਰਨ ਵਾਲੀਆਂ ਜਮਾਤਾਂ ਵੀ ਈਸਾਈ ਹਨ ਅਤੇ ਜਿਹਨਾਂ ਕਰੋੜਾਂ ਮਿਹਨਤਕਸ਼ ਲੋਕਾਂ ਉਤੇ ਇਹ ਰਾਜ ਕਰਦੇ ਹਨ ਉਹ ਵੀ ਈਸਾਈ ਮਤ ਵਿਚ ਵਿਸ਼ਵਾਸ਼ ਰਖਦੇ ਹਨ। ਉਹਨਾਂ ਯੂਰਪ ਦੇ ਦੇਸ਼ਾਂ ਵਿਚ ਜਿਥੇ ਸਰਮਾਏਦਾਰੀ ਨਿਜ਼ਾਮ ਕਾਇਮ ਹੈ ਉਥੇ ਇਕ ਈਸਾਈ ਸਰਮਾਏਦਾਰ ਹੱਥੋਂ ਇਕ ਈਸਾਈ ਮਜ਼ਦੂਰ ਦੀ ਉਸੇ ਤਰ੍ਹਾਂ ਲੁੱਟ ਹੁੰਦੀ ਹੈ ਜਿਸ ਤਰ੍ਹਾਂ ਸਾਡੇ ਦੇਸ਼ ਅੰਦਰ ਇਕ ਹਿੰਦੂ ਸਰਮਾਏਦਾਰ ਜਾਂ ਜਗੀਰਦਾਰ ਹੱਥੋਂ ਇਕ ਹਿੰਦੂ ਮਜ਼ਦੂਰ ਜਾਂ ਕਿਸਾਨ ਜਾਂ ਇਕ ਸਿੱਖ ਸਰਮਾਏਦਾਰ ਮੁਸਲਮਾਨ ਹੱਥੋਂ ਇਕ ਮੁਸਲਮਾਨ ਮਜ਼ਦੂਰ ਦੀ। ਇਸੇ ਤਰ੍ਹਾਂ ਅਰਬ ਦੇਸ਼ਾਂ ਵਿਚ ਇਕ ਧਰਮ ਨੂੰ ਮੰਨਣ ਵਾਲੇ ਇਕ ਦੂਜੇ ਦੀ ਲੁਟ ਕਰਦੇ ਹਨ। ਸਾਡੇ ਗੁਆਂਢੀ ਦੇਸ਼ ਪਾਕਿਸਤਾਨ ਵਿਚ ਇਕੋ ਧਰਮ ਉਤੇ ਅਧਾਰਤ ਰਾਜ ਹੈ ਉਸ ਵਿਚ ਜੋ ਅੱਜ ਰਾਜਸੀ ਅਤੇ ਆਰਥਿਕ ਹਾਲਤ ਹੈ, ਉਹ ਕਿਸੇ ਤੋਂ ਭੁਲੀ ਨਹੀਂ। ਪਾਕਿਸਤਾਨ ਬਨਣ ਤੋਂ ਬਾਅਦ ਉਥੇ ਬੜੇ ਸਮੇਂ ਤੋਂ ਫੌਜੀ ਡਿਕਟੇਟਰਸ਼ਿਪ ਚਲੀ ਆ ਰਹੀ ਹੈ। ਪਾਕਿਸਤਾਨ ਦੇ ਅਵਾਮ ਨੂੰ ਆਪਣੀ ਸਰਕਾਰ ਚੁਣਨ ਲਈ ਜਮਹੂਰੀ ਹੱਕ ਨਹੀਂ ਹਨ। ਸਾਡੇ ਨਾਲੋਂ ਪਾਕਿਸਤਾਨ ਸਨਅਤੀ ਤੌਰ ਤੇ ਜ਼ਿਆਦਾ ਪਛੜਿਆ ਹੋਇਆ ਹੈ ਅਤੇ ਜਗੀਰਦਾਰੀ ਢਾਂਚਾ ਉਸੇ ਤਰ੍ਹਾਂ ਕਾਇਮ ਹੈ। ਪਿਛਲੇ ਸਮੇਂ ਵਿਚ ਜਨਰਲ ਜ਼ਿਆ ਦੀ ਫੌਜੀ ਡਿਕਟੇਟਰਸ਼ਿਪ ਨੇ ਪਾਕਿਸਤਾਨ ਨੂੰ ਅਮਰੀਕੀ ਸਾਮਰਾਜ ਦੀ ਕਠਪੁਤਲੀ ਬਣਾ ਦਿਤਾ ਹੈ। ਪਾਕਿਸਤਾਨ ਭਾਵੇਂ ਆਪਣੇ ਆਪ ਨੂੰ ਗੁਟ-ਨਿਰਲੇਪ ਦੇਸ਼ਾਂ ਦਾ ਮੈਂਬਰ ਕਹਿੰਦਾ ਹੈ ਪਰ ਉਹ ਪੱਕੇ ਤੌਰ ਤੇ ਅਮਰੀਕੀ ਸਾਮਰਾਜੀ ਕੈਂਪ ਦਾ ਭਾਈਵਾਲ ਬਣ ਗਿਆ ਹੈ। ਪਾਕਿਸਤਾਨ ਦੇ ਮਿਹਨਤਕਸ਼ ਲੋਕ ਆਪਣੇ ਹੀ ਧਰਮ ਦੇ ਡਿਕਟੇਟਰ ਦੇ ਵਿਰੁਧ ਜਮਹੂਰੀ ਹੱਕਾਂ ਲਈ ਲੜ ਰਹੇ ਹਨ ਅਤੇ ਫੌਜੀ ਜਬਰ ਦਾ ਸਾਹਮਣਾ ਕਰ ਰਹੇ ਹਨ ਲੋਕਾਂ ਉਤੇ ਆਰਥਿਕ ਅਤੇ ਰਾਜਸੀ ਜਬਰ ਉਥੋਂ ਦੀ ਸਰਕਾਰ ਧਰਮ ਦੇ ਨਾਂ ਤੇ ਹੀ ਕਰ ਰਹੀ ਹੈ। ਅਜਿਹੀ ਹਾਲਤ ਵਿਚ ਜਾਬਰ ਡਿਕਟੇਟਰ ਅਤੇ ਵਿਸ਼ਾਲ ਲੋਕਾਂ ਦੀ ਸਿਆਸਤ ਕਿਸ ਤਰ੍ਹਾਂ ਇਕ ਹੋ ਸਕਦੀ ਹੈ?

ਸਾਡੇ ਪ੍ਰਾਂਤ ਅੰਦਰ ਵੀ ਇਹ ਇਕ ਪ੍ਰਸ਼ਨ ਉਠਿਆ ਹੋਇਆ ਹੈ, ਇਸ ਦਾ ਕੀ ਹੱਲ ਹੈ, ਉਹ ਹੈ ਕਿ ਧਰਮ ਅਧਾਰਤ ਸਿਆਸਤ ਦੇ ਸਿਧਾਂਤ ਵਿਰੁਧ ਪ੍ਰਗਤੀਸ਼ੀਲ ਮਿਹਨਤਕਸ਼ ਸ਼ਕਤੀਆਂ ਇਕੱਠੀਆਂ ਹੋ ਕੇ ਸੰਘਰਸ਼ ਕਰਨ।

ਅਜ ਸਾਡੇ ਸਾਹਮਣੇ ਮੁਖ ਪ੍ਰਸ਼ਨ ਇਹ ਹੈ ਕਿ ਸਾਰੀ ਰਾਜਨੀਤੀ ਨੂੰ ਧਰਮ ਨਿਰਪੱਖ ਲੀਹਾਂ ਤੇ ਤੋਰਿਆ ਜਾਵੇ। ਇਹ ਦੇ ਲਈ ਜ਼ਰੂਰੀ ਹੈ ਕਿ ਧਰਮ ਅਤੇ ਸਿਆਸਤ ਨੂੰ ਵੱਖ ਵੱਖ ਰਖਿਆ ਜਾਵੇ। ਵਿਦਿਅਕ ਢਾਂਚੇ ਨੂੰ ਵੀ ਧਰਮ ਨਿਰਪੱਖ ਲੀਹਾਂ ਤੇ ਪਾਇਆ ਜਾਵੇ।

ਅਜ ਸਾਡੇ ਪ੍ਰਾਂਤ ਅੰਦਰ ਜੋ ਸਥਿਤੀ ਪੈਦਾ ਹੋ ਗਈ ਹੈ ਉਸ ਨੇ ਧਾਰਮਕ ਕੱਟੜ ਪ੍ਰਸਤੀ ਦੀਆਂ ਸ਼ਕਤੀਆਂ ਨੂੰ ਕਾਫੀ ਮਜ਼ਬੂਤ ਕੀਤਾ ਹੈ। ਇਹਨਾਂ ਸ਼ਕਤੀਆਂ ਦਾ ਪ੍ਰਭਾਵ ਕਿਸਾਨੀ ਉਤੇ ਬਹੁਤ ਹੈ। ਮਜ਼ਦੂਰ ਅਤੇ ਖੇਤ ਮਜ਼ਦੂਰ ਜਿਹੜੇ ਆਰਥਿਕ ਅਤੇ ਸਮਾਜੀ ਜਬਰ ਦਾ ਸ਼ਿਕਾਰ ਹਨ ਇਹਨਾਂ ਸਿਧਾਂਤਾਂ ਅਤੇ ਵਿਚਾਰਾਂ ਦਾ ਸ਼ਿਕਾਰ ਘਟ ਹੋਏ ਹਨ ਪਰ ਇਕ ਗਲ ਸਪਸ਼ਟ ਹੈ ਕਿ ਇਸ ਰਾਜਸੀ ਹਾਲਾਤ ਨੇ ਮਜ਼ਦੂਰਾਂ, ਖੇਤ ਮਜ਼ਦੂਰਾਂ, ਕਿਸਾਨਾਂ ਦੇ ਬੁਨਿਆਦੀ ਆਰਥਿਕ ਅਤੇ ਰਾਜਸੀ ਸੰਘਰਸ਼ਾਂ ਨੂੰ ਨੱਥ ਪਾ ਕੇ ਰਖੀ ਹੈ। ਇਸ ਸਮੇਂ ਜ਼ਰੂਰਤ ਇਸ ਗੱਲ ਦੀ ਹੈ ਕਿ ਸਾਰੀਆਂ ਦੇਸ਼ ਭਗਤ, ਧਰਮ ਨਿਰਪੱਖ ਸ਼ਕਤੀਆਂ ਇਕਮੁਠ ਹੋ ਕੇ ਇਹਨਾਂ ਫੁਟਪਾਊ ਫਿਰਕਾਪ੍ਰਸਤ ਅਤਿਵਾਦੀ ਅਤੇ ਵਖਵਾਦੀ ਸ਼ਕਤੀਆਂ ਦੇ ਵਿਰੁਧ ਵਿਚਾਰਧਾਰਕ ਅਤੇ ਰਾਜਸੀ ਸੰਘਰਸ਼ ਲਾਮਬੰਦ ਕਰਨ।

"ਖੇਤ ਮਜ਼ਦੂਰ ਏਕਤਾ" ਦੇ ਧੰਨਵਾਦ ਸਹਿਤ



‘ਭਜਨ ਲਾਲ ਸਰਕਾਰ ਡਿਸਮਿਸ ਕਰੋ’ ਸਮਸਤ ਸੰਮੇਲਨ ਦੀ ਮੰਗ

ਜੀਂਦ — ਪਿਛਲੇ ਐਤਵਾਰ ਨੂੰ ਹੋਏ ਸਮਸਤ ਹਰਿਆਣਾ ਸੰਮੇਲਨ ਨੇ ਮੰਗ ਕੀਤੀ ਹੈ ਕਿ ਭਜਨ ਲਾਲ ਸਰਕਾਰ ਡਿਸਮਿਸ ਕੀਤੀ ਜਾਵੇ, ਵਿਧਾਨ ਸਭਾ ਭੰਗ ਕਰਕੇ ਨਵੀਆਂ ਚੋਣਾਂ ਕਰਵਾਈਆਂ ਜਾਣ। ਜੇ 22 ਮਈ ਤੱਕ ਇਹ ਮੰਗਾਂ ਨਾ ਮੰਨੀਆਂ ਗਈਆਂ ਤਾਂ 23 ਮਈ ਤੋਂ ਭਜਨ ਲਾਲ ਸਰਕਾਰ ਵਿਰੁੱਧ ‘ਨਾ ਮਿਲਵਰਤਣ ਲਹਿਰ’ ਹਰਿਆਣੇ ਵਿਚ ਸ਼ੁਰੂ ਹੋਵੇਗੀ।

ਦੋ ਲੱਖ ਲੋਕਾਂ ਦੇ ਇਕੱਠ ਵਿਚ ਜਿਸ ਵਿਚ ਹਜ਼ਾਰਾਂ ਹੀ ਹਰਿਆਣੇ ਦੇ ਸਿੱਖ ਕਿਸਾਨ ਸ਼ਾਮਲ ਸਨ, ਇਹ ਮੰਗ ਵੀ ਰੱਖੀ ਗਈ ਕਿ ਭਜਨ ਲਾਲ ਤੁਰਤ ਅਸਤੀਫਾ ਦੇਵੇ।

ਸੰਮੇਲਨ ਵਿਚ ਇਕ ਮਤਾ ਪੇਸ਼ ਕਰਦਿਆਂ ਸਾਬਕਾ ਮੁਖ ਮੰਤਰੀ ਬਨਾਰਸੀ ਦਾਸ ਗੁਪਤਾ ਨੇ ਕਿਹਾ ਕਿ ਕਾਂਗਰਸ ਆਈ ਸਰਕਾਰ ਹਰਿਆਣੇ ਦੇ ਲੋਕਾਂ ਦੇ ਹਿਤਾਂ ਦੀ ਰੱਖਿਆ ਕਰਨ ਤੋਂ ਅਸਮਰਥ ਰਹੀ ਹੈ, ਇਸ ਲਈ ਇਸਦਾ ਕੋਈ ਹੱਕ ਨਹੀਂ ਕਿ ਇਹ ਸਰਕਾਰ ਦੀ ਵਾਗਡੋਰ ਸੰਭਾਲੇ।

ਪਤਾ ਲੱਗਾ ਹੈ ਕਿ ਚੌਧਰੀ ਦੇਵੀ ਲਾਲ ਹਰਿਆਣੇ ਦੇ ਜਾਟਾਂ ਨੂੰ ਇਕ ਪੱਧਰ ਤੇ ਜਥੇਬੰਦ ਕਰਨ ਵਿਚ ਕਾਮਯਾਬ ਹੋ ਗਏ ਹਨ ਅਤੇ ਭਜਨ ਲਾਲ, ਜੋ ਬਿਸ਼ਨੋਈ ਫਿਰਕੇ ਦੇ ਹਨ, ਘੱਟ ਗਿਣਤੀ ਵਿਚ ਹਨ। ਜਾਟਾਂ ਦੀ ਗਿਣਤੀ ਬਿਸ਼ਨੋਈਆਂ ਨਾਲੋਂ ਕਾਫੀ ਵੱਧ ਹੈ।

‘ਨਾ ਮਿਲਵਰਤਣ ਲਹਿਰ’ ਲਈ ਹਰਿਆਣੇ ਦੇ ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਆਬਿਆਨਾ ਅਦਾ ਨਾ ਕਰਨ, ਪਾਣੀ ਟੈਕਸ ਨਾ ਦੇਣ ਅਤੇ ਬੈਂਕਾਂ ਅਤੇ ਸਹਿਕਾਰੀ ਸਭਾਵਾਂ ਦੇ ਕਰਜ਼ੇ ਵਾਪਸ ਨਾ ਕਰਨ ਉਨ੍ਹਾਂ ਨੂੰ ਸੰਮੇਲਨ ਵਿਚ ਇਹ ਵੀ ਕਿਹਾ ਗਿਆ ਕਿ ਉਹ ਕਾਂਗਰਸੀ ਜਲਸਿਆਂ ਦਾ ਬਾਈਕਾਟ ਕਰਨ।

ਚੌਧਰੀ ਦੇਵੀ ਲਾਲ ਨੇ ਬੋਲਦਿਆਂ ਕਿਹਾ “ਸਾਡੀ ਲੜਾਈ ਪੰਜਾਂਬ ਦੇ ਸਿੱਖਾਂ ਨਾਲ ਨਹੀਂ ਹੈ। ਸਾਡੀ ਲੜਾਈ ਕੇਂਦਰ ਸਰਕਾਰ ਵਿਰੁੱਧ ਹੈ, ਉਸ ਦੇ ਬੇਈਮਾਨ ਏਜੰਟਾਂ ਵਿਰੁੱਧ ਹੈ ਅਤੇ ਦਲ ਬਦਲੂਆਂ ਦੀ ਸਰਕਾਰ ਵਿਰੁੱਧ ਹੈ।” ਯਾਦ ਰਹੇ ਕਿ ਭਜਨ ਲਾਲ ਪਹਿਲਾਂ ਕਾਂਗਰਸੀ-ਵਿਰੋਧੀ ਟਿਕਟ ਉਤੇ ਜਿਤੇ ਸਨ ਅਤੇ ਇੰਦਰਾ ਗਾਂਧੀ ਦੇ 1980 ਵਿਚ ਜਿੱਤਣ ਉਤੇ ਕਾਂਗਰਸ ਵਿਚ ਸ਼ਾਮਲ ਹੋ ਗਏ ਸਨ।

ਦੰਗਾ ਪੀੜਤ ਵਿਧਵਾ ਨੂੰ 20000 ਰੁ:

ਫਰੀਦਕੋਟ — ਪਿਛਲੇ ਦਿਨੀਂ ਅਣਪਛਾਤੇ ਆਦਮੀਆਂ ਨੇ ਮੁਕਤਸਰ ਦੇ ਕੈਮਿਸਟ ਸ੍ਰੀ ਅਵਿਨਾਸ਼ ਚੰਦਰ ਦਾ ਕਤਲ ਕਰ ਦਿੱਤਾ ਸੀ। ਸ੍ਰੀ ਭੁਪਿੰਦਰ ਸਿੰਧੂ ਡਿਪਟੀ ਕਮਿਸ਼ਨ ਫਰੀਦਕੋਟ ਨੇ ਐਸ. ਐਸ. ਪੀ. ਪੁਲੀਸ ਰਾਜਨ ਗੁਪਤਾ ਨਾਲ ਜਾ ਕੇ ਅਵਿਨਾਸ਼ ਚੰਦਰ ਦੀ ਵਿਧਵਾ ਨੂੰ 20000 ਰੁ: ਦਾ ਚੈਕ ਭੇਂਟ ਕੀਤਾ ਤੇ ਵਿਸ਼ਵਾਸ਼ ਦਵਾਇਆ ਕਿ ਭਵਿਖ ਵਿਚ ਹੋਰ ਮਦਦ ਵੀ ਕੀਤੀ ਜਾਵੇਗੀ। ਉਹਨਾਂ ਦੁਖੀ ਪਰਿਵਾਰ ਨੂੰ ਵਿਸ਼ਵਾਸ਼ ਦਿਤਾ ਕਿ ਅਵਿਨਾਸ਼ ਚੰਦਰ ਦੇ ਬੱਚੇ ਨੂੰ ਸਰਕਾਰੀ ਨੌਕਰੀ ਦਿਤੀ ਜਾਵੇਗੀ।

ਇਨ੍ਹਾਂ ਖੰਡਰਾਂ 'ਚੋਂ ਹੁਣ ਤਕ, ਵੀ ਲਹੂ ਟਪਕ ਰਿਹਾ ਹੈ,
ਇਦ੍ਹੋ ਦਰ ਤੋਂ ਲਗ ਰਿਹਾ ਹੈ, ਕਦੇ ਇਹ ਖ਼ੁਦਾ ਦਾ ਘਰ ਸੀ।

ਸ਼੍ਰੋਮਣੀ ਕਮੇਟੀ ਦੇ ਬਜਟ ਵਿਚ 11 ਕਰੋੜ ਰੁਪਏ

ਅੰਮ੍ਰਿਤਸਰ — ਇਥੇ ਹੋਏ ਬਜਟ ਸਮਾਗਮ ਵਿਚ ਸ਼ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ: ਓਂਕਾਰ ਸਿੰਘ ਮੱਤੇਨੰਗਲ ਨੇ 1986-87 ਦਾ ਬਜਟ ਪੇਸ਼ ਕਰਦਿਆਂ ਕਿਹਾ ਕਿ ਬਜਟ ਦੀ ਰਕਮ 10.71 ਕਰੋੜ ਰੱਖੀ ਗਈ ਹੈ ਜਦਕਿ 1985-86 ਵਿਚ 12.61 ਕਰੋੜ ਰੁਪਏ ਸੀ। ਉਨ੍ਹਾਂ ਕਿਹਾ ਕਿ ਦੋ ਕਰੋੜ ਰੁਪਏ ਦੇ ਲਗਪਗ ਦੀ ਸਹਾਇਤਾ ਸ਼ਹੀਦਾਂ ਦੇ ਪਰਵਾਰਾਂ ਅਤੇ ਦਿੱਲੀ-ਦੰਗਿਆਂ ਦੇ ਸ਼ਿਕਾਰ ਲੋਕਾਂ ਨੂੰ ਦਿਤੀ ਗਈ ਹੈ।

ਬਜਟ ਵਿਚ ਇਹ ਵੀ ਦੱਸਿਆ ਗਿਆ ‘ਸ਼ਹੀਦੀ ਫੰਡ’ ਵਿਚ ਇਕ ਕਰੋੜ ਚੌਤੀ ਲੱਖ ਰੁਪਏ ਇਕੱਠੇ ਹੋਏ ਜੋ ਹਰਿਮੰਦਰ ਸਾਹਿਬ ਉਤੇ ਹਮਲੇ ਸਮੇਂ ਪੀੜਤ ਪਰਵਾਰਾਂ ਨੂੰ ਦਿਤੇ ਗਏ।

ਸ: ਕਾਬਲ ਸਿੰਘ ਮੀਟਿੰਗ ਵਿਚ ਹਾਜ਼ਰ ਨਹੀਂ ਸਨ ਪਰ ਉਨ੍ਹਾਂ ਦਾ ਨਾਂ ਮੇਜਰ ਸਿੰਘ ਉਬੋਕੇ ਵਲੋਂ ਪ੍ਰਧਾਨਗੀ ਲਈ ਪੇਸ਼ ਕੀਤਾ ਗਿਆ ਤੇ ਜਥੇਦਾਰ ਤੋਤਾ ਸਿੰਘ ਨੇ ਤਾਈਦ ਕੀਤੀ। ਉਹ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਗਏ।

ਸੀਨੀਅਰ ਮੀਤ-ਪ੍ਰਧਾਨ ਲਈ ਸ: ਰਤਨ ਸਿੰਘ ਦਾ ਨਾਂ ਬਸੰਤ ਸਿੰਘ ਖਾਲਸਾ ਨੇ ਪੇਸ਼ ਕੀਤਾ ਅਤੇ ਸੁਚਾ ਸਿੰਘ ਛੋਟੇਪੁਰ ਨੇ ਤਾਈਦੀ ਕੀਤੀ। ਉਹ ਵੀ ਸਰਬ-ਸੰਮਤੀ ਨਾਲ ਚੁਣੇ ਗਏ।

ਸ਼੍ਰੋਮਣੀ ਕਮੇਟੀ ਨੇ 138 ਮੈਂਬਰਾਂ ਵਿਚੋਂ 100 ਮੈਂਬਰ ਹਾਜ਼ਰ ਸਨ। ਅਕਾਲ ਤਖਤ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਅਤੇ ਹਰਿਮੰਦਰ ਸਾਹਿਬ ਦੇ ਹੈਡ ਗਰੰਥੀ ਸਾਹਿਬ ਸਿੰਘ ਵੀ ਮੀਟਿੰਗ ਵਿਚ ਹਾਜ਼ਰ ਸਨ।

ਗੁਰਚਰਨ ਸਿੰਘ ਟੌਹੜਾ ਦੀਆਂ ਸੇਵਾਵਾਂ ਦੀ ਸਰਾਹਨਾ ਕੀਤੀ ਗਈ।

ਪੰਜਾਬ ਦੀਆਂ ਘਟਨਾਵਾਂ ਤੇ ਕੈਨੇਡਾ ਵਿਚ ਤਨਾਅ

ਲੰਡਨ — ਲੰਡਨ ਟਾਈਮਜ ਅਖਬਾਰ ਦੇ ਸਰਵੇ ਅਨੁਸਾਰ ਪੰਜਾਬ ਵਿਚ ਘਟੀਆਂ ਘਟਨਾਵਾਂ ਕਰਕੇ ਕੈਨੇਡਾ ਵਿਚ ਵਸਦੇ ਭਾਰਤੀਆਂ ਅਤੇ ਖਾਸਕਰ ਪੰਜਾਬੀ ਸਿੱਖਾਂ ਦੇ ਵਕਾਰ ਨੂੰ ਕਾਫੀ ਸੱਟ ਵੱਜੀ ਹੈ। ਅਖਬਾਰ ਅਨੁਸਾਰ ਸਿੱਖਾਂ ਅਤੇ ਕੈਨੇਡੀਅਨ ਵਿਚ ਸੰਬਧਾਂ ਵਾਰੇ ਅਤੇ ਹੋਰ ਘਟ ਗਿਣਤੀਆਂ ਵਿਚ ਸਿੱਖਾਂ ਦੇ ਸਬੰਧਾਂ ਪ੍ਰਤੀ ਅਵਿਸ਼ਵਾਸ਼ ਦੀ ਭਾਵਨਾ ਅਤੇ ਤਨਾਅਪੂਰਨ ਹਾਲਾਤ ਪੈਦਾ ਹੋ ਰਹੇ ਹਨ। ਸਮੂਹ ਦੇ ਬੁਲਾਰਿਆਂ ਦਾ ਕਹਿਣਾ ਹੈ ਕਿ ਕੈਨੇਡੀਅਨ ਸਿੱਖਾਂ ਦੇ ਵਿਰੁਧ ਹੋ ਰਹੇ ਹਨ ਤੇ ਉਹ ਇਸ ਲਈ ਭਾਰਤ ਸਰਕਾਰ ਨੂੰ ਦੋਸ਼ੀ ਕਰਾਰ ਦਿੰਦੇ ਹਨ। ਪਿਛਲੇ ਸਮੇਂ ਵਿਚ ਬੰਬ ਸੁਟਣੇ ਅਤੇ ਵਿਰੋਧੀਆਂ ਦੀ ਮਾਰ ਕੁਟਾਈ ਕਰਨੀ, ਇੰਡੀਆ ਦੀ ਘਟਨਾਵਾਂ ਦਾ ਵਾਪਰਨਾ ਇਹਨਾਂ ਸਭ ਕਾਰਨਾਂ ਕਰਕੇ ਭਾਰਤੀ ਸਿੱਖਾਂ ਵਿਚ ਆਪਸੀ ਫੁੱਟ ਹੋਰ ਡੂੰਘੀ ਹੋਈ ਹੈ। “ਸਿਖ ਸ਼ਬਦ ਹਿੰਸਾ ਦਾ ਪ੍ਰਤੀਕ ਬਣ ਗਿਆ ਹੈ, ਤੇ ਸਾਨੂੰ ਹੀ ਏਅਰ ਇੰਡੀਆ ਦੀ ਦੁਰਘਟਨਾ ਲਈ ਦੋਸ਼ੀ ਗਿਣਿਆ ਜਾਂਦਾ ਹੈ’ ਇਹ ਸ਼ਬਦ ਹਨ ਸ੍ਰੀ ਗੁਰਚਰਨ ਸਿੰਘ ਦੇ ਜੋ ਫੈਡਰੇਸ਼ਨ ਆਫ ਸਿਖ ਸੁਸਾਇਟੀਜ਼ ਕੈਨੇਡਾ ਦੇ ਸਕੱਤਰ ਹਨ। ਫੈਡਰਲ ਸਰਕਾਰ ਸਿੱਖਾਂ ਵਿਚ ਅਤਿਵਾਦ ਭਾਰਤ ਨਾਲ ਸਬੰਧਾਂ ਵਾਰੇ ਅਤੇ ਸਮਾਜਕ ਸਦਭਾਵਨਾ ਬਾਰੇ ਚਿੰਤਿਤ ਹੈ। ਕਮਿਊਨਿਟੀ ਦਾ ਪ੍ਰਭਾਵ ਕੈਨੇਡਾ ਵਿਚ ਘਟ ਰਿਹਾ ਹੈ ਤੇ ਕੈਨੇਡੀਅਨਾਂ ਨੂੰ ਇਹ ਸਮਝਣਾ ਔਖਾ ਕਿ ਆਵਾਸੀ ਕਿਉਂ ਰਾਜਨੀਤਕ ਤੇ ਨਸਲਵਾਦੀ ਵਿਚਾਰ ਇਥੇ ਫੈਲਾਉਣ।

☆ ਸਭ ਤੋਂ ਉਚਾ ਮਕਾਨ ਨਿਊਯਾਰਕ ਦੀ ਐਮਪਾਇਰ ਸਟੇਟ ਬਿਲਡਿੰਗ ਹੈ। ਇਸ ਦੀਆਂ 102 ਮੰਜ਼ਿਲਾਂ ਹਨ। ਇਹ 1248 ਫੁੱਟ ਉਚੀ ਹੈ।

ਖਾਲਸੇ ਦਾ 287ਵਾਂ ਜਨਮ ਉਤਸਵ ਵੈਨਕੂਵਰ ਵਿਚ ਮਨਾਇਆ ਗਿਆ — ਹਾਜ਼ਰੀ ਅੱਗੇ ਨਾਲੋਂ ਘਟੀ

ਵੈਨਕੂਵਰ — ਲੋਅਰ ਮੇਨਲੈਂਡ ਦੀਆਂ ਸਿੱਖ ਸੰਸਥਾਵਾਂ ਵਲੋਂ ਖਾਲਸੇ ਦੀ ਸਿਰਜਣਾ ਦੇ ਸਬੰਧ ਵਿਚ 287ਵਾਂ ਦਿਨ ਮਨਾਇਆ ਗਿਆ ਅਤੇ ਜਲੂਸ ਕੱਢਿਆ ਗਿਆ ਜਿਸ ਵਿਚ ਕਾਫੀ ਲੋਕ ਸ਼ਾਮਲ ਸਨ ਪਰ ਦਰਸ਼ਕਾਂ ਅਨੁਸਾਰ ਇਸ ਵਾਰ ਹਾਜ਼ਰ ਲੋਕਾਂ ਦੀ ਗਿਣਤੀ ਅਗੇ ਨਾਲੋਂ ਘੱਟ ਸੀ। ਪੰਜਾਬੀ ਮਾਰਕਿਟ ਵਿਚ ਜਿਥੇ ਕਾਫੀ ਗਿਣਤੀ ਵਿਚ ਲੋਕ ਸ਼ਾਮਲ ਸਨ, ਉਥੇ ਵੀ ਪਹਿਲਾਂ ਵਰਗਾ ਉਤਸ਼ਾਹ ਨਹੀਂ ਸੀ ਕਿਉਂਕਿ ਵਧੇਰੇ ਲੋਕਾਂ ਦਾ ਕਹਿਣਾ ਸੀ ਕਿ ਇਹ ਧਾਰਮਿਕ ਜਲੂਸ ਨਾਲੋਂ ਰਾਜਨੀਤਕ ਪ੍ਰਾਪੇਗੰਡਾ ਦਾ ਸਾਧਨ ਜ਼ਿਆਦਾ ਬਣਿਆ।

ਜਲੂਸ ਵਿਚ ਨਾਅਰੇ ਵੀ ਧਾਰਮਿਕ ਘੱਟ ਸਨ ਸਗੋਂ ਰਾਜਨੀਤਕ ਵਧੇਰੇ ਸਨ। ਪੰਜਾਬੀ ਮਾਰਕਿਟ ਵਿਚ ਕਈ ਬੁਲਾਰਿਆਂ ਨੇ ਧਾਰਮਿਕ ਸਟੇਜ ਦੀ ਗਲਤ ਵਰਤੋਂ ਵੀ ਕੀਤੀ।

ਬੇਸ਼ਕ 'ਸਨ' ਅਤੇ 'ਪ੍ਰੋਵਿੰਨਸ' ਨੇ ਇਸ ਜਲੂਸ ਵਿਚ ਸ਼ਾਮਲ ਲੋਕਾਂ ਦੀ ਗਿਣਤੀ 20,000 ਦੇ ਕਰੀਬ ਲਿਖੀ ਹੈ ਪਰ ਅਸਲ ਵਿਚ ਸ਼ਾਮਲ ਲੋਕਾਂ ਦੀ ਗਿਣਤੀ ਇਸ ਨਾਲੋਂ ਕਿਤੇ ਘੱਟ ਸੀ।

ਆਮ ਸ਼ਾਮਲ ਲੋਕਾਂ ਦਾ ਵਿਚਾਰ ਸੀ ਕਿ ਧਾਰਮਿਕ ਜਲੂਸ ਵਿਚ ਗੁਰੂ ਦੀ ਬਾਣੀ ਦਾ ਕੀਰਤਨ, ਗੁਰੂਆਂ ਦੀ ਸਿੱਖਿਆ ਅਤੇ ਖਾਲਸੇ ਦੀ ਸਾਜਨਾ ਸਬੰਧੀ ਲੈਕਚਰ ਦੇਣੇ ਚਾਹੀਦੇ ਹਨ ਜਦ ਕਿ ਲੈਕਚਰਾਂ ਵਿਚ ਜ਼ਹਿਰੀਲੇ ਪਰਚਾਰ ਤੋਂ ਸਿਵਾ ਲੋਕਾਂ ਨੂੰ ਹੋਰ ਕੁਝ ਸੁਣਨ ਨੂੰ ਨਹੀਂ ਮਿਲ ਰਿਹਾ।



ਪਾਕਿ ਤੋਂ ਪ੍ਰਮਾਣੂ ਖਤਰੇ ਲਈ ਭਾਰਤ ਤਿਆਰ — ਬਿਦੇਸ਼ ਮੰਤਰੀ

ਨਵੀਂ ਦਿੱਲੀ — ਬਿਦੇਸ਼ੀ ਮਾਮਲਿਆਂ ਦੇ ਮੰਤਰੀ ਨੇ ਲੋਕ ਸਭਾ ਦੇ ਮੈਂਬਰਾਂ ਨੂੰ ਭਰੋਸਾ ਦਿਵਾਇਆ ਕਿ ਭਾਰਤ ਪਾਕਿਸਤਾਨ ਦੁਆਰਾ ਤਿਆਰ ਕੀਤੇ ਜਾ ਰਹੇ ਪ੍ਰਮਾਣੂ ਬੰਬ ਦੇ ਖਤਰੇ ਦਾ ਸਾਹਮਣਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਉਹਨਾਂ ਮੈਂਬਰਾਂ ਦੇ ਮਨਾਂ ਦਾ ਸੰਦੇਹ ਦੂਰ ਕਰਦੇ ਹੋਏ ਵਿਸ਼ਵਾਸ਼ ਦੁਆਇਆ ਕਿ ਇਹ ਜੋ ਭਾਰਤ ਪਾਕਿਸਤਾਨ ਵਿਚਕਾਰ ਸੰਧੀ ਹੋਈ ਹੈ ਇਕ ਦੂਜੇ ਦੇ ਪ੍ਰਮਾਣੂ ਸੰਸਥਾਨਾਂ ਉਤੇ ਹਮਲੇ ਨਾ ਕਰਨ ਦੀ। ਇਸ ਵਿਚ ਕੋਈ ਭੁਲੇਖਾ ਨਹੀਂ ਕਿ ਉਸ ਮੁਲਕ ਵਿਚ ਪ੍ਰਮਾਣੂ ਪਰੋਗਰਾਮ ਕੋਈ ਸ਼ਾਂਤੀ ਪੂਰਣ ਹਿੱਤਾਂ ਲਈ ਨਹੀਂ ਹਨ।

ਉਹਨਾਂ ਕਿਹਾ ਕਿ ਜੇ "ਪਾਕਿਸਤਾਨ ਬੰਬ ਬਣਾਉਂਦਾ ਹੈ ਤਾਂ ਭਾਰਤੀ ਉਪ-ਮਹਾਂਦੀਪ ਵਿਚ ਸੁਰੱਖਿਆ ਦਾ ਸਵਾਲ ਖੜਾ ਹੁੰਦਾ ਹੈ" ਉਹਨਾਂ ਨਾਲ ਹੀ ਕਿਹਾ ਕਿ "ਪਰ ਅਸੀਂ ਇਸਦਾ ਮੁਕਾਬਲਾ ਕਰਨ ਨੂੰ ਤਿਆਰ ਹਾਂ"। ਬਹਿਸ ਦੇ ਦੌਰਾਨ ਭਾਰਤ ਸ੍ਰੀ ਲੰਕਾ ਦੇ ਸਬੰਧਾਂ ਦਾ ਪ੍ਰਸ਼ਨ ਵੀ ਆਇਆ। ਪਿਛਲੇ ਕੁਝ ਦਿਲਾਂ ਵਿਚ ਸ੍ਰੀ ਲੰਕਾ ਵਿਚ ਤਾਮਿਲਾਂ ਦਾ ਕਤਲੇਆਮ ਸ੍ਰੀ ਲੰਕਾ ਦੀਆਂ ਸੁਰਖਿਆ ਫੌਜਾਂ ਦੁਆਰਾ ਵਾਰੇ ਕਾਫੀ ਗਰਮਾ ਗਰਮੀ ਹੋਈ। ਜਦੋਂ ਕਿ ਬਲੀਰਾਮ ਭਗਤ ਨੇ ਕਿਹਾ ਕਿ ਤਾਮਿਲ ਸਮਸਿਆ ਨੇ ਸਾਡੀ ਮਦਦ ਮੰਗੀ ਹੈ ਅਸੀਂ ਇਕ ਰਾਜਨੀਤਕ ਹੱਲ ਲੱਭਣ ਲਈ ਉਹਨਾਂ ਦੀ ਪੂਰੀ ਮਦਦ ਕਰਾਂਗੇ। ਕਾਂਗਰਸ ਆਈ ਦੇ ਪ੍ਰੋ: ਤਿਵਾੜੀ ਨੇ ਕਿਹਾ ਕਿ ਪਾਕਿ ਤੇ ਸ੍ਰੀ ਲੰਕਾ ਦੀ ਸਮਸਿਆ ਖਿਤੇ ਦੀ ਨਹੀਂ ਬਲਕਿ ਇਹ ਇਕ ਗਲੋਬਲ ਹੈ। ਇਹ ਅਮਰੀਕੀ ਪ੍ਰਸ਼ਾਸਨ ਦੁਆਰਾ ਪ੍ਰੇਰਤ ਹੈ। ਇਸ ਖਿਤੇ ਦੀ ਰਾਜਨੀਤੀ ਨੂੰ ਪ੍ਰਭਾਵਤ ਕਰਨ ਲਈ।

ਗੁਰਦਿਆਲ ਸਿੰਘ ਢਿੱਲੋਂ ਨੇ ਕਿਹਾ ਕਿ ਜਦੋਂ ਕਿ ਸਾਰੇ ਅੰਤਰਰਾਸ਼ਟਰੀ ਮਾਮਲਿਆਂ ਵਿਚ ਪਾਕਿ, ਭਾਰਤ ਦਾ ਵਿਰੋਧ ਕਰਦਾ ਹੈ ਜਦੋਂ ਕਿ ਦੂਜੇ ਪਾਸੇ ਉਹ ਸਬੰਧਾਂ ਦੇ ਸੁਧਾਰ ਦੀ ਗਲ ਕਰਦਾ ਹੈ।

ਮਿਰੇ ਰਹਿਨੁਮਾ ਨੂੰ ਆਖੋ, ਕਿ ਬਦਲ ਲਵੇ ਨਿਸ਼ਾਨਾ,
ਉਹ ਨਗਰ ਉਜੜ ਗਿਆ ਹੈ, ਕਿ ਜਿਧਰ ਤੇਰੀ ਨਜ਼ਰ ਸੀ।

ਸਾਰੇ ਬਦੇਸ਼ੀ ਭਾਰਤੀਆਂ ਦੋਹਰੀ ਨਾਗਰਿਕਤਾ — ਬਲਵੰਤ ਰਾਮੂਵਾਲੀਆ

ਨਵੀਂ ਦਿੱਲੀ — ਪਾਰਲੀਮੈਂਟ ਮੈਂਬਰ ਸ: ਬਲਵੰਤ ਸਿੰਘ ਰਾਮੂਵਾਲੀਆ (ਅਕਾਲੀ) ਨੇ ਲੋਕ ਸਭਾ ਵਿਚ ਇਹ ਮੰਗ ਕੀਤੀ ਕਿ ਸਾਰੇ ਬਦੇਸ਼ਾਂ ਵਿਚ ਵਸਦੇ ਭਾਰਤੀਆਂ ਨੂੰ ਦੋਹਰੀ ਨਾਗਰਿਕਤਾ ਪ੍ਰਦਾਨ ਕੀਤੀ ਜਾਵੇ। ਉਹਨਾਂ ਕਿਹਾ ਚਾਹੇ ਇਹ ਲੋਕ ਦੂਜੇ ਮੁਲਕਾਂ ਵਿਚ ਨਾਗਰਿਕਤਾ ਲੈ ਬੈਠੇ ਹਨ ਪਰ ਭਾਰਤੀ ਮੂਲ ਕਰਕੇ ਉਹ ਭਾਰਤੀ ਹੈ ਤੇ ਉਹਨਾਂ ਵੋਟ ਦਾ ਅਧਿਕਾਰ ਵੀ ਹੋਣਾ ਚਾਹੀਦਾ ਹੈ ਉਹਨਾਂ ਅਗੇ ਕਿਹਾ ਕਿ ਅਮਰੀਕਾ ਇੰਗਲੈਂਡ ਅਤੇ ਹੋਰ ਮੁਲਕਾਂ ਤੋਂ ਭਾਰਤ ਆਉਣ ਵਾਲੇ ਲੋਕਾਂ ਨੂੰ ਵੀਜ਼ਾ ਲੈਣਾ ਪੈਂਦਾ ਹੈ ਅਤੇ ਵੀਜ਼ਾ ਲੈਣ ਵੇਲੇ ਪੇਸ਼ ਆਉਂਦੀਆਂ ਮੁਸ਼ਕਲਾਂ ਜੋ ਖਾਸ ਕਰ ਪੰਜਾਬੀਆਂ ਨੂੰ ਆਉਂਦੀਆਂ ਹਨ ਦਾ ਵੀ ਜ਼ਿਕਰ ਕੀਤਾ। ਉਹਨਾਂ ਅਗੇ ਕਿਹਾ ਕਿ ਵੀਜ਼ਾ ਵਾਪਸ ਲਿਆ ਜਾਵੇ।

ਕਿਸੇ ਹੋਰ ਦੀ ਮੜ੍ਹੀ 'ਤੇ, ਇਹ ਬਾਲਦੇ ਨੇ ਦੀਵੇ,
ਜੋ ਇਨ੍ਹਾਂ 'ਤੇ ਮਿਟ ਗਿਆ ਹੈ, ਉਹ ਤਾਂ ਦੂਸਰਾ ਬਸ਼ਰ ਸੀ।


ਐਫ. ਸੀ. ਆਈ. ਅਧਿਕਾਰੀਆਂ ਤੇ ਕੁਰਪਸ਼ਨ ਦਾ ਦੋਸ਼

ਮੋਗਾ — ਪਿਛਲੇ ਦਿਨੀਂ ਇਥੇ ਅਨਾਜ ਵਪਾਰੀਆਂ ਦੀ ਫੈਡਰੇਸ਼ਨ ਦੇ ਬੁਲਾਰੇ ਨੇ ਐਫ. ਸੀ. ਆਈ. ਅਤੇ ਰੇਲਵੇ ਅਧਿਕਾਰੀਆਂ ਉਤੇ ਕੁਰਪਸ਼ਨ ਦੇ ਦੋਸ਼ ਲਾਏ। ਉਹਨਾਂ ਕਿਹਾ ਕਿ ਇਹ ਥੁੜ ਵਾਲੇ ਰਾਜਾਂ ਨੂੰ ਰੇਲਵੇ ਸਟੇਸ਼ਨਾਂ ਦੀ ਸਪਲਾਈ ਕਰਨ ਵੇਲੇ ਧੰਨ ਇਕੱਤਰ ਕਰਦੇ ਹਨ। ਉਹਨਾਂ ਦੋਸ਼ ਲਾਇਆ ਕਿ ਉਹ ਘਟੀਆ ਅਨਾਜ ਨੂੰ ਵਧੀਆ ਅਨਾਜ ਲਿਖਕੇ ਭੇਜ ਰਹੇ ਹਨ ਜੇ ਉਹਨਾਂ ਨੂੰ ਰਿਸ਼ਵਤ ਦਿਤੀ ਜਾਵੇ। ਐਫ. ਸੀ. ਆਈ. ਅਧਿਕਾਰੀ ਤੋਲ ਵਿਚ ਵੀ ਦੋ ਕਿਲੋ ਤੋਂ ਪੰਜ ਕਿਲੋ ਘਟਾ ਕੇ ਭੇਜਦੇ ਹਨ ਇਸ ਤਰ੍ਹਾਂ ਇਹ ਲੱਖਾਂ ਰੁ: ਬਚਾ ਰਹੇ ਹਨ। ਉਹਨਾਂ ਕਿਹਾ ਕਿ ਵੱਖ ਵੱਖ ਥਾਵਾਂ ਤੇ ਪਿਆ ਵੱਡਾ ਖੁਰਾਕ ਭੰਡਾਰ ਮਨੁਖੀ ਵਰਤੋਂ ਲਈ ਅਯੋਗ ਹੈ।

ਜਿਨੂੰ ਹਰ ਕਦਮ ਕਦਮ 'ਤੇ, ਮੈਂ ਤਲਾਸ਼ ਕਰ ਰਿਹਾ ਸਾਂ,
ਜਦੋਂ ਮੁੜ ਕੇ ਵੇਖਿਆ ਤਾਂ, ਉਹ ਮਿਰੇ ਮਗਰ ਮਗਰ ਸੀ।

ਭਾਰਤੀ ਇਨਕਲਾਬ ਅਤੇ ਇਨਕਲਾਬੀ ਸ਼ਹੀਦਾਂ ਦੇ ਸਨਮਾਨ ਵਿਚ ਪਰੋਗਰਾਮ





ਡਰਾਮਿਆਂ ਦੇ ਦੋ ਸੀਨ

23 ਮਾਰਚ, 1986 ਨੂੰ ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ 55ਵੀਂ ਬਰਸੀ ਵਾਲੇ ਦਿਨ ਇੰਡੀਆਂ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮਰੀਕਾ(ਇਪਾਨਾ) ਵਲੋਂ ਕਾਰਪੇਂਟਰ ਹਾਲ, ਨਿਊਵੈਸਟਮਿਨਸਟਰ, ਬੀ. ਸੀ. ਵਿਚ ਇਕ ਸਭਿਆਚਾਰਕ ਪਰੋਗਰਾਮ ਕੀਤਾ ਗਿਆ, ਜਿਸ ਵਿਚ ਭਾਰਤੀ ਇਨਕਲਾਬ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਤ ਕੀਤੀ ਗਈ।

ਪ੍ਰੋਗਰਾਮ ਦੀ ਸ਼ੁਰੂਆਤ ਹਜ਼ਾਰਾਂ ਸ਼ਹੀਦਾਂ ਦੀ ਯਾਦ ਵਿਚ ਇਕ ਮਿੰਟ ਲਈ ਚੁੱਪ ਖੜੇ ਹੋ ਕੇ ਕੀਤੀ ਗਈ। ਪਰੋਗਰਾਮ, ਜਿਸਦੀ ਪ੍ਰਧਾਨਗੀ ਰਾਜ ਚੌਹਾਨ ਅਤੇ ਜਿਓਤੀ ਸੰਘੇੜਾ ਨੇ ਕੀਤਾ, ਵਿਚ ਦੋ ਡਰਾਮੇ ਖੇਡੇ ਗਏ — ਅੰਗਰੇਜ਼ੀ ਦਾ ਡਰਾਮਾ The Enemy within (ਅੰਦਰੂਨੀ ਦੁਸ਼ਮਣ) ਵੈਨਕੂਵਰ ਦੇ ਮਸ਼ਹੂਰ ਹੈਡਲਾਈਨਜ਼ ਥੀਏਟਰ ਗਰੁੱਪ ਵਲੋਂ ਖੇਡਿਆ ਗਿਆ ਅਤੇ ਦੂਸਰਾ ਡਰਾਮਾ ਸੀ ਅਜਮੇਰ ਔਲਖ ਦਾ ਲਿਖਿਆ ਹੋਇਆ ਮਸ਼ਹੂਰ ਡਰਾਮਾ "ਬਗਾਨੇ ਬੋਹੜ ਦੀ ਛਾਂ"। ਡਰਾਮਿਆਂ ਤੋਂ ਇਲਾਵਾ ਸ੍ਰੀਮਤੀ ਮਧੂ ਵਰਸਨੇ ਅਤੇ ਉਹਨਾਂ ਦੀ ਟੀਮ ਵਲੋਂ ਗੁਜਰਾਤੀ ਗਰਬਾ ਨਾਚ ਪੇਸ਼ ਕੀਤਾ ਗਿਆ ਅਤੇ ਅਗਾਂਹਵਧੂ ਗੀਤ ਪੇਸ਼ ਕੀਤੇ ਗਏ।

ਇਪਾਨਾ ਵੈਨਕੂਵਰ ਯੂਨਿਟ ਦੇ ਪ੍ਰਧਾਨ ਪ੍ਰੋਫੈਸਰ ਹਰੀ ਸ਼ਰਮਾ ਨੇ ਆਪਣੀ ਤਕਰੀਰ ਵਿਚ ਕਿਹਾ, "ਸ: ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇ ਕੇ ਅੰਗਰੇਜ਼ ਭਾਰਤੀ ਲੋਕਾਂ ਦੀਆਂ ਆਜ਼ਾਦੀ ਦੀਆਂ ਖੁਹਾਇਸ਼ਾਂ ਨੂੰ ਖਤਮ ਨਹੀਂ ਕਰ ਸਕੇ।" ਉਹਨਾਂ ਨੇ ਕਿਹਾ "ਭਾਰਤ ਦੇ ਇਹਨਾਂ ਮਹਾਨ ਸ਼ਹੀਦਾਂ ਨੇ ਫਾਂਸੀ ਦੇ ਰੱਸੇ ਨੂੰ ਹੱਸ ਕੇ ਚੁੰਮਿਆ ਅਤੇ ਫਾਂਸੀ ਚੜ੍ਹਨ ਸਮੇਂ ਭੀ 'ਇਨਕਲਾਬ ਜਿੰਦਾਬਾਦ' ਦੇ ਨਾਹਰੇ ਲਾਏ।"

ਹਰੀ ਸ਼ਰਮਾ ਨੇ ਕਿਹਾ "ਬੇਸ਼ੱਕ ਇਹ ਦਿਨ ਸ: ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀ ਬਰਸੀ ਦਾ ਦਿਨ ਹੈ ਪਰ ਸਾਲ ਦੇ 365 ਦਿਨਾਂ ਵਿਚੋਂ ਕੋਈ ਭੀ ਅਜਿਹਾ ਦਿਨ ਨਹੀਂ ਜਦੋਂ ਕਿ ਭਾਰਤੀ ਲੋਕਾਂ ਨੇ ਸ਼ਹੀਦੀਆਂ ਨਾ ਦਿੱਤੀਆਂ ਹੋਣ ਉਹਨਾਂ ਨੇ ਕਿਹਾ "ਆਜ਼ਾਦੀ ਦੀ ਪਹਿਲੀ ਮਹਾਨ ਲੜਾਈ 1857 ਤੋਂ ਲੈ ਕੇ ਅੱਜ ਤੱਕ ਕਸ਼ਮੀਰ ਵਿਚ ਕੰਨਿਆ ਕੁਆਰੀ ਤੋਂ ਲੈ ਕੇ ਅਸਾਮ ਤ੍ਰੀਪੁਰਾ ਤੱਕ ਹਜ਼ਾਰਾਂ ਹੀ ਭਾਰਤੀ ਲੋਕਾਂ ਨੇ ਇਨਕਲਾਬੀ ਘੋਲਾਂ ਵਿਚ ਸ਼ਹੀਦੀਆਂ ਪਾਈਆਂ ਹਨ। ਕੁਝ ਸ: ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਤਰ੍ਹਾਂ ਬਰਤਾਨਵੀ ਸਾਮਰਾਜ ਵੱਲੋਂ ਅਤੇ ਕਿਸ਼ਤਾ ਮੌੜ ਅਤੇ ਭੂਮਈਆ ਦੀ ਤਰ੍ਹਾਂ ਇੰਦਰਾ ਗਾਂਧੀ ਸਰਕਾਰ ਵਲੋਂ ਫਾਂਸੀ ਚੜ੍ਹਾ ਦਿਤੇ ਗਏ। ਬਹੁਤ ਸਾਰੇ ਚੰਦਰ ਸ਼ੇਖਰ ਆਜ਼ਾਦ ਵਾਂਗ ਬਰਤਾਨਵੀ ਸਾਮਰਾਜ ਵਲੋਂ ਅਤੇ ਬਾਬਾ ਬੂਝਾ ਸਿੰਘ ਦੀ ਤਰ੍ਹਾਂ ਇੰਦਰਾ ਗਾਂਧੀ ਸਰਕਾਰ ਵੱਲੋਂ ਦਿਨ ਦਿਹਾੜੇ ਪੁਲਸ ਦੀਆਂ ਗੋਲੀਆਂ ਨਾਲ ਮਾਰ ਦਿਤੇ ਗਏ। ਕੁਝ ਇਨਕਲਾਬੀ ਲੀਡਰ ਚਾਰੂ ਮਾਜੁਮਦਾਰ ਦੀ ਤਰ੍ਹਾਂ ਜੇਲ੍ਹਾਂ ਵਿਚ ਪੁਲਸ ਵਲੋਂ ਸ਼ਹੀਦ ਕਰ ਦਿਤੇ ਗਏ।

ਹਰੀ ਸ਼ਰਮਾ ਨੇ ਕਿਹਾ ਕਿ ਇਪਾਨਾ ਨੂੰ ਕੁਝ ਸਮਾਂ ਪਹਿਲਾਂ ਹੀ ਬਿਹਾਰ ਦੇ ਦੋ ਜਿਲਿਆਂ ਗਯਾ ਅਤੇ ਔਰੰਗਾਬਾਦ ਦੇ ਇਨਕਲਾਬੀ ਸ਼ਹੀਦਾਂ ਦੀ ਲਿਸਟ ਮਿਲੀ ਹੈ ਜਿਥੇ ਕਿ ਪੁਲਸ ਅਤੇ ਜਗੀਰਦਾਰਾਂ ਦੇ ਗੁੰਡਿਆਂ ਨੇ ਪਿਛਲੇ ਸੱਤ ਸਾਲਾਂ ਵਿਚ 32 ਕਿਸਾਨ ਲੀਡਰਾਂ ਅਤੇ ਕਾਰਕੁੰਨਾਂ ਦੇ ਕਤਲ ਕੀਤੇ ਹਨ। ਉਹਨਾਂ ਨੇ ਕਿਹਾ ਕਿ ਇਸ ਲਿਸਟ ਮੁਤਾਬਿਕ ਆਖਰੀ ਕਤਲ 16 ਨਵੰਬਰ 1985 ਨੂੰ ਹਸਨਪੁਰ ਪਿੰਡ ਵਿਚ ਕਿਸਾਨ ਲੀਡਰ ਕੁਲਦੀਪ ਯਾਦਵ ਦਾ ਹੈ।

ਉਹਨਾਂ ਨੇ ਕਿਹਾ ਕਿ ਇਕ ਸਮਾਂ ਆਵੇਗਾ ਜਦੋਂ ਇਨਕਲਾਬੀ ਸ਼ਹੀਦਾਂ ਦੀਆਂ ਸਾਰੀਆਂ ਲਿਸਟਾਂ ਇਕੱਠੀਆਂ ਕੀਤੀਆਂ ਜਾਣਗੀਆਂ ਜਿਹਨਾਂ ਨਾਲ ਇਕ ਲੰਬੀ ਲਿਸਟ ਬਣਾਈ ਜਾਵੇਗੀ। ਹਰੀ ਸ਼ਰਮਾ ਨੇ ਕਿਹਾ ਕਿ ਜਿਸ ਤਰ੍ਹਾਂ ਬਰਤਾਨਵੀ ਸਾਮਰਾਜ ਇਨਕਲਾਬੀਆਂ ਨੂੰ ਕਤਲ ਕਰਕੇ ਇਨਕਲਾਬੀ ਘੋਲ ਖਤਮ ਨਹੀਂ ਕਰ ਸਕੀ ਇਸੇ ਤਰ੍ਹਾਂ ਮੌਜੂਦਾ ਭਾਰਤੀ ਸਰਕਾਰ ਭੀ ਇਨਕਲਾਬੀਆਂ ਨੂੰ ਕਤਲ ਕਰਕੇ ਜਾਂ ਉਹਨਾਂ ਤੇ ਜਬਰ ਕਰਕੇ ਇਨਕਲਾਬੀ ਘੋਲ ਨਹੀਂ ਖਤਮ ਕਰ ਸਕਦੀ।

ਹਰੀ ਸ਼ਰਮਾ ਨੇ ਕਿਹਾ ਕਿ ਅਸੀਂ ਆਪਦੇ ਦੇਸ਼ ਤੋਂ ਹਜ਼ਾਰਾਂ ਮੀਲਾਂ ਦੂਰ ਭਾਰਤੀ ਇਨਕਲਾਬ ਦੇ ਸ਼ਹੀਦਾਂ ਦੀ ਯਾਦ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਇਕੱਤਰ ਹੋਏ ਹਾਂ। ਉਹਨਾਂ ਕਿਹਾ ਕਿ ਅਸੀਂ ਉਸ ਦਿਨ ਦੀ ਉਡੀਕ ਵਿਚ ਹਾਂ ਜਦੋਂ ਸਾਡਾ ਦੇਸ਼ ਜਗੀਰਦਾਰਾਂ, ਸਰਮਾਏਦਾਰਾਂ ਅਤੇ ਸਾਮਰਾਜੀ ਲੁੱਟ ਤੋਂ ਮੁਕਤ ਹੋਵੇਗਾ।

ਹਰੀ ਸ਼ਰਮਾ ਨੇ ਆਪਦੀ ਤਕਰੀਰ ਵਿਚ ਕਿਹਾ ਕਿ ਭਾਰਤ ਦੇ ਵੱਖ ਵੱਖ ਹਿਸਿਆਂ ਵਿਚ ਜਬਰ ਵਿਰੁੱਧ ਘੋਲ ਅੱਜ ਭੀ ਜਾਰੀ ਹਨ। ਉਹਨਾਂ ਨੇ ਫਰਵਰੀ ਦੌਰਾਨ ਦੇਸ਼ ਭਰ ਵਿਚ ਇਕ ਦਿਨ ਦੀ ਆਮ ਹੜਤਾਲ ਲਈ ਭਾਰਤੀ ਲੋਕਾਂ ਨੂੰ ਵਧਾਈ ਦਿੱਤੀ ਅਤੇ ਰਾਜੀਵ ਗਾਂਧੀ ਸਰਕਾਰ ਦੀ ਲੋਕਾਂ ਦੀਆਂ ਆਮ ਜ਼ਰੂਰਤਾਂ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਵਧਾਉਣ ਲਈ ਨਿਖੇਧੀ ਕੀਤੀ।

ਹਰੀ ਸ਼ਰਮਾ ਨੇ ਪੰਜਾਬ ਦੀ ਮੌਜੂਦਾ ਹਾਲਾਤ ਬਾਰੇ ਬੋਲਦਿਆਂ ਕਿਹਾ ਕਿ ਪੰਜਾਬ ਦੇ ਲੋਕ ਇਕ ਬਹੁਤ ਹੀ ਦੁਖਦਾਇਕ ਸਮੇਂ ਵਿਚੋਂ ਲੰਘ ਰਹੇ ਹਨ। ਉਹਨਾਂ ਨੇ ਪੰਜਾਬ ਦੇ ਮੌਜੂਦਾ ਹਾਲਾਤ ਲਈ ਇੰਦਰਾ ਸਰਕਾਰ ਅਤੇ ਰਾਜੀਵ ਗਾਂਧੀ ਸਰਕਾਰ ਨੂੰ ਜਿੰਮੇਵਾਰ ਠਹਿਰਾਇਆ। ਉਹਨਾਂ ਨੇ ਪੰਜਾਬ ਵਿਚ ਵਧ ਰਹੇ ਆਤੰਕਵਾਦ, ਜਿਸ ਨਾਲ ਆਮ ਸਧਾਰਣ ਲੋਕਾਂ ਦਾ ਖੂਨ ਡੁੱਲ ਰਿਹਾ ਹੈ, ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਉਹਨਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਅਮਨ ਪਸੰਦ ਲੋਕ ਹਨ ਅਤੇ ਅਮਨ ਨਾਲ ਰਹਿਣਾ ਚਾਹੁੰਦੇ ਹਨ। ਉਹਨਾਂ ਨੇ ਦੇਸ਼ ਭਰ ਵਿਚ ਵਧ ਰਹੇ ਹਿੰਦੂ ਸ਼ਾਵਨਵਾਦ ਅਤੇ ਪੰਜਾਬ ਵਿਚ ਵਧ ਰਹੀਆਂ ਅਤਿਵਾਦੀ ਕਾਰਵਾਈਆਂ ਦੀ ਸਖਤ ਨਿਖੇਧੀ ਕੀਤੀ।

ਇਪਾਨਾ ਪ੍ਰਤੀਨਿਧ ਨੇ ਆਪਣੀ ਤਕਰੀਰ ਵਿਚ ਬਰਿਟਿਸ਼ ਕੁਲੰਬੀਆ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਾਨੂੰ ਸੋਕਰਡ ਸਰਕਾਰ ਨੂੰ ਹਰਾਉਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ।

ਇਹ ਪਹਿਲੀ ਵਾਰ ਹੈ ਕਿ ਸਾਡੀ ਕਮਿਊਨਿਟੀ ਸਾਹਮਣੇ ਕਿਸੇ ਕਨੇਡੀਅਨ ਗਰੁੱਪ ਵਲੋਂ ਅੰਗਰੇਜ਼ੀ ਦਾ ਡਰਾਮਾ ਖੇਡਿਆ ਗਿਆ ਹੋਵੇ। ਵੈਨਕੂਵਰ ਦੇ ਮਸ਼ਹੂਰ ਥੀਏਟਰ ਗਰੁੱਪ ਹੈਡਲਾਈਨਜ਼ ਥੀਏਟਰ ਵਲੋਂ ਖੇਡਿਆ ਗਿਆ ਇਹ ਡਰਾਮਾ The Enemy within ਬੀ ਸੀ ਸਰਕਾਰ ਤੇ ਖਾਸ ਕਰਕੇ ਪ੍ਰੀਮੀਅਰ ਬਿਲ ਬੈਨਿਟ ਉਪਰ ਇਕ ਵਿਅੰਗ ਹੈ। ਡੇਵਿਡ ਡਾਇਮੰਡ ਦੇ ਲਿਖੇ ਅਤੇ ਤਿਆਰ ਕੀਤੇ ਇਸ ਡਰਾਮੇ ਨੂੰ ਬੀ ਸੀ ਦੇ ਵੱਖ ਵੱਖ ਸ਼ਹਿਰਾਂ ਵਿਚ ਖੇਡਿਆ ਜਾ ਚੁਕਾ ਹੈ। ਦਰਸ਼ਕਾਂ ਨੇ ਇਸ ਹਾਸੇ ਭਰਪੂਰ ਨਾਟਕ ਨੂੰ ਬਹੁਤ ਪਸੰਦ ਕੀਤਾ। ਨਾਟਕ ਤੋਂ ਬਾਅਦ ਦਰਸ਼ਕਾਂ ਅਤੇ ਇਸ ਨਾਟਕ ਦੇ ਕਲਾਕਾਰਾਂ ਦਾ ਨਾਟਕ ਸਬੰਧੀ ਤੇ ਬੀ ਸੀ ਸਬੰਧੀ ਉਸਾਰੂ ਵਿਚਾਰ ਵਟਾਂਦਰਾ ਵੀ ਹੋਇਆ।

ਅੰਗਰੇਜ਼ੀ ਡਰਾਮੇ ਤੋਂ ਬਾਅਦ ਅਜਮੇਰ ਔਲਖ ਦਾ ਲਿਖਿਆ ਡਰਾਮਾ 'ਬਗਾਨੇ ਬੋਹੜ ਦੀ ਛਾਂ" ਖੇਡਿਅ ਗਿਆ। ਇਹ ਡਰਾਮਾ ਪੰਜਾਬ ਦੀ ਕਿਸਾਨੀ ਨੂੰ ਦਰਪੇਸ਼ ਮੁਸ਼ਕਲਾਂ ਨੂੰ ਨਾਟਕੀ ਢੰਗ ਨਾਲ ਪੇਸ਼ ਕਰਦਾ ਹੈ। ਇਹ ਡਰਾਮਾ ਇਕ ਛੋਟੇ ਕਿਸਾਨ ਗੱਜਣ ਸਿੰਘ ਦੀ ਜਿੰਦਗੀ 'ਤੇ ਆਧਾਰਤ ਹੈ। ਗੱਜਣ ਸਿੰਘ ਗਰਮੀਆਂ ਦੇ ਦਿਨਾਂ ਵਿਚ ਆਪਣੇ ਦਰ ਮੂਹਰੇ ਇਕ ਬਗਾਨੇ ਬੋਹੜ ਦੀ ਛਾਵੇਂ ਆਰਾਮ ਕਰਨ ਲਈ ਬੈਠਾ ਹੈ। ਸਟੇਜ 'ਤੇ ਵੱਖ ਵੱਖ ਪਾਤਰ ਆ ਕੇ ਗੱਜਣ ਸਿੰਘ ਨਾਲ ਵਾਰਤਾਲਾਪ ਕਰਦੇ ਹਨ, ਜਿਸ ਨਾਲ ਇਕ ਪਿੰਡ ਦੇ ਰੋਜ਼ਾਨਾ ਜੀਵਨ ਅਤੇ ਕਿਸਾਨੀ ਜ਼ਿੰਦਗੀ ਦੀ ਝਲਕ ਮਿਲਦੀ ਹੈ। ਕਿਸ ਤਰ੍ਹਾਂ ਛੋਟੇ ਕਿਸਾਨ ਸਾਰੀ ਉਮਰ ਸ਼ਾਹੂਕਾਰਾਂ ਅਤੇ ਵੱਡੇ ਜ਼ਿਮੀਦਾਰਾਂ ਦੀ ਲੁੱਟ ਖਸੁੱਟ ਦਾ ਸ਼ਿਕਾਰ ਹੁੰਦੇ ਹਨ। ਡਰਾਮੇ ਵਿਚ ਹਿਸਾ ਲੈਣ ਵਾਲੇ ਕਲਾਕਾਰ — ਭੁਪਿੰਦਰ ਧਾਲੀਵਾਲ, ਪ੍ਰਮਿੰਦਰ ਵਿਕਰਮ, ਅੰਮ੍ਰਿਤ ਮਾਨ, ਕਰਮਜੀਤ ਘੁਮਾਣ, ਭਵਖੰਡਨ, ਗੁਰਸ਼ਰਨ, ਤਰਲੋਚਨ ਬਰਾੜ, ਇੰਦਰ ਚੌਹਾਨ, ਦਲਜੀਤ ਗਿੱਲ ਅਤੇ ਰਾਜ ਚੌਹਾਨ, ਦੀ ਅਦਾਕਾਰੀ ਨੂੰ ਦਰਸ਼ਕਾਂ ਨੇ ਬਹੁਤ ਸਲਾਹਿਆ। ਕਲਾਕਾਰਾਂ ਦਾ ਖੂਬਸੂਰਤ ਮੇਕ-ਅੱਪ ਮੱਖਣ ਟੁੱਟ ਨੇ ਬੜੇ ਸੁਹਣੇਂ ਢੰਗ ਨਾਲ ਕੀਤਾ। ਬਿੰਦਰ ਰੋਡੇ ਨੇ ਇਨਕਲਾਬੀ ਗੀਤ ਗਾਇਆ ਅਤੇ ਢੋਲ 'ਤੇ ਸਾਥ ਦਿਤਾ ਪਾਲ ਬਿਨਿੰਗ ਨੇ। ਤਰਲੋਚਨ ਬਰਾੜ ਅਤੇ ਰਾਜ ਚੌਹਾਨ ਨੇ ਬਾਬੂ ਰਜ਼ਬ ਅਲੀ ਦੀ ਲਿਖੀ ਹੋਈ ਕਵੀਸ਼ਰੀ "ਛੌਣੀਆਂ ਪੱਟ ਲੋ ...." ਪੇਸ਼ ਕੀਤੀ।

ਕਨੇਡੀਅਨ ਸਰਕਾਰ ਵਲੋਂ ਕਨੇਡੀਅਨ ਵੀਜ਼ਾ ਲੈਣ ਲਈ ਪਿੱਛੇ ਜਿਹੇ ਲਾਗੂ ਕੀਤੀ 175 ਡਾਲਰ ਪ੍ਰਤੀ ਵੀਜ਼ਾ ਫੀਸ ਦੀ ਇਪਾਨਾ ਸਖਤ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਇਹ ਫੀਸ ਇਕਦਮ ਖਤਮ ਕੀਤੀ ਜਾਵੇ ਕਿਉਂਕਿ ਇਸਦਾ ਮਾਰੂ ਅਸਰ ਸਭ ਤੋਂ ਵੱਧ ਤੀਸਰੀ ਦੁਨੀਆਂ ਦੇ ਗਰੀਬ ਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਤੇ ਪਵੇਗਾ।

ਪਰੋਗਰਾਮ ਦੌਰਾਨ ਇਕ ਮਤਾ ਪਾਸ ਕੀਤਾ ਗਿਆ ਜਿਸ ਵਿਚ ਪੰਜਾਬ ਦੇ ਇਨਕਲਾਬੀ ਪਾਸ਼ ਨੂੰ ਕਨੇਡੀਅਨ ਸਰਕਾਰ ਵਲੋਂ ਕਨੇਡਾ ਸੈਰ ਲਈ ਆਉਣ ਵਾਸਤੇ ਵੀਜ਼ਾ ਨਾ ਦਿੱਤੇ ਜਾਣ ਦੀ ਨਿਖੇਧੀ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਉਸਨੂੰ ਵੀਜ਼ਾ ਦਿੱਤਾ ਜਾਵੇ।

ਸਾ ਹਿ ਤ ਦ ਰ ਪ ਣ

ਕਹਾਣੀ:
ਸੁਰੱਖਿਆ ਗਾਰਡ

ਹਰਬੰਸ ਚਾਹਲ

ਮਿਸਟਰ ਭਾਰਦਵਾਜ ਹੁਣ ਸ਼ਾਂਤ ਸੀ — ਜਿਵੇਂ ਤੂਫਾਨ ਦੇ ਲੰਘ ਜਾਣ ਬਾਅਦ ਵਾਤਾਵਰਣ ਸ਼ਾਂਤ ਹੋ ਜਾਂਦਾ ਹੈ। ਉਹ ਪੁਲੀਸ ਸੁਪਰਡੈਂਟ ਦੀ ਮੇਜ਼ 'ਤੇ ਇਹ ਦਰਖਾਸਤ ਰੱਖ ਆਇਆ ਸੀ ਕਿ ਉਸਦੇ ਦਫਤਰ ਅਤੇ ਰਿਹਾਇਸ਼ 'ਤੇ ਤੈਨਾਤ ਕੀਤੇ ਸੁਰੱਖਿਆ ਗਾਰਦ ਵਾਪਸ ਬੁਲਾ ਲਏ ਜਾਣ। ਉਸਨੇ ਪਰਵਾਹ ਨਹੀਂ ਕੀਤੀ ਕਿ ਸੁਪਰਡੈਂਟ ਕੀ ਕਹੇਗਾ। ਉਹ ਤਾਂ ਸ਼ਾਇਦ ਇਹ ਅੰਦਾਜ਼ਾ ਵੀ ਲਾ ਲਵੇ ਕਿ ਉਹਦੇ ਪ੍ਰਬੰਧ ਅਧੀਨ 'ਲਾਅ ਐਂਡ ਆਰਡਰ' ਦੀ ਸਥਿਤੀ 'ਚ ਬਦਸਤੂਰ ਸੁਧਾਰ ਹੋ ਰਿਹਾ ਹੈ।

ਜਦੋਂ ਉਹ ਪੁਲੀਸ ਸੁਪਰਡੰਟ ਦੇ ਦਫਤਰ ਦੇ ਅੰਦਰ ਗਿਆ ਸੀ ਤਾਂ ਉਹ ਇਕ ਖੌਲਦਾ ਸਮੁੰਦਰ ਸੀ, ਹੁਣ ਉਹਦੀ ਸੋਚ ਕਿਸੇ ਪੱਧਰੀ ਨਦੀ ਵਾਂਗ ਵਹਿ ਰਹੀ ਸੀ। ਬਾਹਰ ਆ ਕੇ ਉਸਨੇ ਆਪਣਾ ਸਕੂਟਰ ਸਟਾਰਟ ਕੀਤਾ ਤੇ ਆਪਣੇ ਕੁਆਟਰਾਂ ਵੱਲ ਨੂੰ ਚੱਲ ਪਿਆ। ਇਸ ਜਗਾਹ 'ਤੇ ਤਬਦੀਲ ਹੋਇਆਂ ਉਹਨੂੰ ਹਾਲੇ ਸਿਰਫ ਦੋ ਹੀ ਸਾਲ ਤਾਂ ਹੋਏ ਸਨ। ਦਫਤਰ ਦੇ ਨਾਲ ਹੀ ਰਿਹਾਇਸ਼ ਲਈ ਕੁਆਰਟਰ ਮਿਲ ਗਿਆ ਸੀ। ਉਹ ਬੜਾ ਖੁਸ਼ ਸੀ ਇਸ ਥਾਂ ਆ ਕੇ। ਉਸਦੀ ਪਤਨੀ ਨੂੰ ਵੀ ਇਸ ਗੱਲ ਦੀ ਤਸੱਲੀ ਸੀ ਕਿ ਬੱਚਿਆਂ ਲਈ ਪੜ੍ਹਾਈ ਦਾ ਸਹੀ ਪ੍ਰਬੰਧ ਹੋ ਗਿਆ ਸੀ। ਛੇ ਕੁ ਮਹੀਨੇ ਦੇ ਅੰਦਰ ਹੀ ਉਹ ਇਥੇ ਇਸ ਤਰ੍ਹਾਂ ਰਚ ਮਿਚ ਗਏ ਸਨ ਜਿਵੇਂ ਉਹ ਇਸੇ ਜਗਾਹ ਹੀ ਜੰਮੇ ਪਲੇ ਹੋਣ। ਉਨ੍ਹਾਂ ਨੂੰ ਜਾਪਦਾ ਕਿ ਇਸ ਤੋਂ ਵਧੀਆ ਸਟੇਸ਼ਨ ਉਨ੍ਹਾਂ ਨੂੰ ਮਿਲ ਹੀ ਨਹੀਂ ਸੀ ਸਕਦਾ। ਦਫਤਰ ਸ਼ਹਿਰ ਤੋਂ ਇਕ ਦੋ ਕਿਲੋਮੀਟਰ ਬਾਹਰ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਇਕਲਾਪਾ ਨਹੀਂ ਸੀ ਸਤਾਂਦਾ ਲਾਗਲੇ ਪਿੰਡਾਂ ਦੇ ਲੋਕ ਉਹਨੂੰ ਮਿਲਣ ਤੁਰੇ ਹੀ ਰਹਿੰਦੇ ਸਨ, ਮਿਸਟਰ ਭਾਰਦਵਾਜ ਉਨ੍ਹਾਂ ਦੀਆਂ ਤਕਲੀਫਾਂ ਮੁਸ਼ਕਲਾ ਬੜੇ ਧਿਆਨ ਨਾਲ ਸੁਣਦਾ ਤੇ ਉਨ੍ਹਾਂ ਨੂੰ ਬੜੇ ਨਿੱਘ ਨਾਲ ਮਿਲਦਾ। ਉਹਨੂੰ ਜਾਪਦਾ ਜਿਵੇਂ ਉਹ ਵੀ ਉਨ੍ਹਾਂ ਵਿਚੋਂ ਹੀ ਹੋਵੇ — ਕੋਈ ਅਫਸਰ ਨਾ ਹੋਵੇ। ਜਦ ਵੀ ਕੋਈ ਉਹਨੂੰ ਮਿਲਣ ਆਉਂਦਾ, ਖਾਲੀ ਹੱਥ ਨਾ ਆਉਂਦਾ, ਆਪਣੇ ਨਾਲ ਕੋਈ ਸਿੱਧਾ-ਸਾਦਾ ਤੋਹਫਾ ਜ਼ਰੂਰ ਲੈ ਕੇ ਆਉਂਦਾ। ਕੋਈ ਸਾਗ, ਕੋਈ ਗੰਨੇ, ਕੋਈ ਸਬਜ਼ੀ — ਜੇ ਹੋਰ ਨਹੀਂ ਤਾਂ ਕੋਈ ਦੁੱਧ ਦੀ ਬਾਲਟੀ ਹੀ ਭਰੀ ਲਿਆਉਂਦਾ, ਅਖੇ ਖੋਆ ਮਾਰ ਲੈਣਾ। ਆਲੇ ਦੁਆਲੇ ਦੇ ਲੋਕ ਕਿੰਨੇ ਮਿਹਨਤੀ ਹਨ, ਉਹ ਸੋਚਦਾ। ਜਿਉਂ ਹੀ ਬੱਚੇ ਨੂੰ ਤੁਰਨ ਦੀ ਜਾਚ ਆਉਂਦੀ ਹੈ — ਡੰਗਰ ਚਾਰਨ ਤੁਰ ਜਾਂਦਾ ਹੈ। ਉਹਦੇ ਦਫਤਰ ਦੇ ਦੁਆਲੇ ਦੂਰ ਤੱਕ ਪਸਰੇ ਮੈਦਾਨ ਵਿਚ ਡੰਗਰ ਚਾਰਨ ਵਾਲੇ ਛੋਟੇ ਮੋਟੇ ਮੁੰਡੇ ਕੁੜੀਆਂ ਹੀ ਹੁੰਦੇ ਸਨ। ਉਹਨੂੰ ਇਨ੍ਹਾਂ ਮੁੰਡੇ ਕੁੜੀਆਂ 'ਤੇ ਤਰਸ ਆਉਂਦਾ ਤੇ ਉਹ ਸੋਚਦਾ ਕਿ ਦੇਸ਼ ਦਾ ਭਵਿੱਖ ਇਸ ਤਰ੍ਹਾ ਰੁਲ ਰਿਹਾ ਹੈ ਤੇ ਸਰਕਾਰਾਂ ਬਾਲ ਵਰ੍ਹੇ ਮਨਾਉਣ 'ਤੇ ਕਰੋੜਾਂ ਰੁਪਏ ਖਰਚ ਕੇ ਬੱਚਿਆਂ ਦੀ ਭਲਾਈ ਦਾ ਸਟੰਟ ਕਰਦੀਆਂ ਹਨ। ਇਨ੍ਹਾਂ ਪਿੰਡਾਂ 'ਚੋਂ ਬਹੁਤ ਘੱਟ ਕੋਈ ਪੜ੍ਹਿਆ ਲਿਖਿਆ, ਨੌਕਰੀ ਸ਼ੁਦਾ ਆਦਮੀ ਹੋਵੇਗਾ। ਔਰਤਾਂ ਮਰਦਾਂ ਦੇ ਬਰਾਬਰ ਸਾਰਾ ਦਿਨ ਸਿਰਤੋੜ ਮਿਹਨਤ ਕਰਦੀਆਂ ਹਨ। ਲੋਕਾਂ ਦੀ ਮਿਹਨਤ ਸਦਕਾ ਆਲੇ ਦੁਆਲੇ ਦੇ ਸਭ ਕੱਲਰੀ ਬੰਜਰ ਆਬਾਦ ਹੋ ਗਏ ਨੇ ਤੇ ਖੇਤਾਂ 'ਚ ਫਸਲਾਂ ਲਹਿਲਹਾਉਂਦੀਆਂ ਨੇ। ਪਰ ਫਿਰ ਵੀ ਇਹ ਲੋਕ ਫਟੇ ਹਾਲ ਹੀ ਰਹਿੰਦੇ ਨੇ। ਇਨ੍ਹਾਂ ਦੀ ਇਸ ਮੰਦਹਾਲੀ ਨੂੰ ਦੇਖ ਕੇ ਉਹ ਇਨ੍ਹਾਂ ਨਾਲ ਕਦੇ ਰੁੱਖਾ ਪੇਸ਼ ਨਾ ਆ ਸਕਦਾ।

ਪਿਛਲੇ ਕੁਝ ਅਰਸੇ ਤੋਂ ਦੇਸ਼ ਦੇ ਸਮਾਚਾਰ ਵਿਗੜਦੇ ਜਾ ਰਹੇ ਸਨ। ਅਖਬਾਰ ਹਿੰਸਾ ਦੀਆਂ ਖਬਰਾਂ ਨਾਲ ਭਰੇ ਰਹਿੰਦੇ ਸਨ। ਉਹਦੇ ਫਿਰਕੇ ਦੇ ਹੋਰ ਲੋਕ ਆਪਣੇ ਆਪ ਨੂੰ ਦੇਸ਼ ਵਿਚ ਸੁਰੱਖਿਅਤ ਸਮਝਣੋਂ ਹਟ ਗਏ ਸਨ, ਪਰ ਇਸ ਉਜਾੜ ਵਿਚ ਰਹਿ ਕੇ ਵੀ ਉਸ ਆਪਣੇ ਆਪ ਨੂੰ ਅਸੁਰੱਖਿਅਤ ਨਹੀਂ ਸਮਝਿਆ। ਆਲੇ ਦੁਆਲੇ ਦੇ ਲੋਕ ਉਹਨੂੰ ਆਪਣੀ ਢਾਲ ਮਹਿਸੂਸ ਹੁੰਦੇ ਸਨ। ਫਿਰਕੂ ਝੱਖੜ ਦੇ ਇਸ ਸਾਰੇ ਅਰਸੇ ਦੌਰਾਨ ਇਸ ਇਲਾਕੇ ਵਿਚ ਕੋਈ ਹਿੰਸਕ ਵਾਰਦਾਤ ਨਹੀਂ ਸੀ ਹੋਈ। ਉਹ ਮਾਨਸਿਕ ਤੌਰ 'ਤੇ ਨਿਸ਼ਚਿੰਤ ਸੀ।

ਜਦੋਂ ਆਦਮੀ ਮਾਨਸਿਕ ਤੌਰ 'ਤੇ ਇਸ ਤਰ੍ਹਾਂ ਨਿਸ਼ਚਿੰਤ ਹੋਵੇ ਤੇ ਕੋਈ ਖਾਸ ਆਰਥਿਕ ਤੰਗੀ ਵੀ ਨਾ ਹੋਵੇ ਤਾਂ ਉਹ ਰੁਮਾਂਸ ਵੱਲ ਰੁਚਿਤ ਹੋ ਜਾਂਦਾ ਹੈ। ਇਕੱਲਿਆਂ ਵੇਖ ਕੇ ਉਹ ਕਈ ਵਾਰੀ ਆਪਣੀ ਪਤਨੀ ਨੂੰ ਗਲਵਕੜੀ 'ਚ ਘੁੱਟ ਲੈਂਦਾ ਤੇ ਦਬੀ ਆਵਾਜ਼ 'ਚ ਗੁਣਗੁਣਾਉਂਦਾ (ਮਤੇ ਕੋਈ ਸੁਣ ਨਾ ਲਵੇ)— "ਇਕ ਤੂੰ ਹੋਵੇਂ—ਇਕ ਮੈਂ ਹੋਵਾਂ—ਇਕ ਵਖਰੀ ਜਿਹੀ ਕੋਈ ਥਾਂ ਹੋਵੇ..." ਤੇ ਉਹ ਦੋਵੇਂ ਬੀਤੇ ਦੇ ਉਨ੍ਹਾਂ ਦਿਨਾਂ 'ਚ ਡੁੱਬ ਜਾਂਦੇ ਜਦੋਂ ਹਾਲੇ ਉਨ੍ਹਾਂ ਦਾ ਵਿਆਹ ਨਹੀਂ ਸੀ ਹੋਇਆ ਤੇ ਉਹ ਮੁੰਡੇ ਕੁੜੀਆਂ ਦੇ ਸਾਂਝੇ ਟੂਰ 'ਤੇ ਗਏ ਹੋਏ ਸਨ। ਜਦੋਂ ਬਾਕੀ ਸਭ ਲੋਕ ਕੈਂਪ ਪਰਤ ਆਉਂਦੇ ਤਾਂ ਉਹ ਦੇਰ ਤੱਕ ਇਕੱਲੇ ਕੁੱਲੂ ਦੀਆਂ ਸੁੰਦਰ ਵਾਦੀਆਂ 'ਚ ਘੁੰਮਦੇ ਰਹਿੰਦੇ। ਵਾਪਸ ਮੁੜਿਆਂ ਨੂੰ ਬਾਕੀ ਮੁੰਡੇ ਕੁੜੀਆਂ ਇਕੱਠੇ ਹੋ ਕੇ ਇਹੀ ਗੀਤ ਗਾ ਕੇ ਛੇੜਦੇ। ਸੁਸ਼ਮਾ ਇਹ ਗੀਤ ਕਿੰਨਾ ਪਿਆਰਾ ਗਾਉਂਦੀ ਸੀ — ਸ਼ਾਇਦ ਮਸਤਾਨੇ ਨਾਲੋਂ ਵੀ ਵਧਕੇ ਸੁਹਣਾ! ਉਹਦੀ ਆਵਾਜ਼ ਕਿੰਨੀ ਸੁਰੀਲੀ ਸੀ, ਕਿੰਨੀ ਮਿੱਠੀ ਸੀ! ਇਹ ਮਿਠਾਸ ਦਰਅਸਲ ਉਹਦੇ ਸੁਭਾਅ ਦੀ ਮਿਠਾਸ ਦੇ ਕਾਰਣ ਸੀ। ਉਹਦੇ ਨਿੱਘੇ ਸੁਭਾਅ ਕਾਰਣ ਉਹ ਉਹਦੇ ਵੱਲ ਖਿਚਿਆ ਗਿਆ ਸੀ। ਜਦੋਂ ਦੋਹਾਂ ਵਿਚਕਾਰ ਨੇੜਤਾ ਬਹੁਤ ਵਧ ਗਈ ਤਾਂ ਮਿਸਟਰ ਭਾਰਦਵਾਜ ਨੇ ਆਪਣੇ ਦੋਸਤਾਂ ਵਰਗੇ ਚਾਚੇ ਨੂੰ ਸੁਸ਼ਮਾ ਦੇ ਘਰ ਵਾਲਿਆਂ ਨਾਲ ਗਲਬਾਤ ਚਲਾਉਣ ਲਈ ਤਰਲਾ ਕੀਤਾ। ਚਾਚਾ ਕਹਿਣ ਲੱਗਾ —"ਇਹ ਸਭ ਮਿਠਾਸ ਵਿਆਹ ਤੋਂ ਪਹਿਲਾਂ ਪਹਿਲਾਂ ਹੀ ਹੈ, ਬਾਅਦ 'ਚ ਤਾਂ ਇਹ ਜ਼ਹਿਰ ਤੋਂ ਵੀ ਕੌੜੀ ਲੱਗਣ ਲੱਗ ਜਾਂਦੀ ਐ ਬੱਚੂ।" ਮਨ ਹੀ ਮਨ ਹੱਸ ਕੇ ਉਹ ਸੋਚਦਾ ਕਿ ਚਾਚਾ ਕਿੰਨਾ ਗਲਤ ਸੀ। ਸੁਸ਼ਮਾ ਕਦੇ ਉਹਦੇ ਰਾਹ ਦਾ ਰੋੜਾ ਨਹੀਂ ਬਣੀ ਸਗੋਂ ਉਹਦੇ ਦੁੱਖ-ਸੁੱਖ ਦੀ ਭਾਈਵਾਲ ਰਹੀ। ਉਹ ਸਿਆਣੀ ਸੀ, ਨੇਕ ਸੀ, ਪਰ ਠੰਢੀ ਨਹੀਂ ਸੀ। ਉਂਝ ਵੀ ਉਹਨੂੰ ਚੁਲਬੁਲੀਆਂ ਤਿਤਲੀਆਂ ਬਹੁਤੀਆਂ ਪਸੰਦ ਨਹੀਂ ਸਨ। ਉਹਦੇ ਗੰਭੀਰ ਸੁਭਾਅ ਨੂੰ ਜਾਪਦਾ ਕਿ ਚੁਲਬੁਲਾਪਣ ਛਿਨ-ਭੰਗਰ ਹੁੰਦਾ ਹੈ। ਤੇ ਉਹ ਤਾਂ ਜ਼ਿੰਦਗੀ ਦੇ ਸਥਾਈ ਅੰਸ਼ ਨੂੰ ਲੋਚਣ, ਉਸ ਨਾਲ ਜੁੜਨ ਵੱਲ ਰੁਚਿਤ ਸੀ। ਟਿਕਾਊਪਣੇ 'ਚ ਉਹਨੂੰ ਬੋਰੀਅਤ ਮਹਿਸੂਸ ਨਹੀਂ ਸੀ ਹੁੰਦੀ। ਕਦੇ ਉਹ ਤੇ ਕਦੇ ਸੁਸ਼ਮਾ ਛੋਟੀਆਂ ਛੋਟੀਆਂ ਖੁਸ਼ੀਆਂ ਨਾਲ ਬੋਰੀਅਤ ਤੋਂ ਬਚਣ ਦਾ ਉਪਰਾਲਾ ਕਰ ਲੈਂਦੇ ਸਨ। ਦੋਹਾਂ ਦੇ ਵਿਚਕਾਰ ਕਦੇ ਚੁੱਪ ਨਹੀਂ ਸੀ ਤਣੀ। ਬੱਚਿਆਂ ਦੇ ਆਉਣ ਬਾਦ ਵੀ ਉਨ੍ਹਾਂ ਦੀ ਸਾਂਝ ਤੇ ਨੇੜਤਾ ਹੋਰ ਪੱਕੀ ਹੋਈ ਸੀ। ਮਿਸਟਰ ਭਾਰਦਵਾਜ ਸੁਸ਼ਮਾ ਨੂੰ ਹਾਲੇ ਵੀ ਜਾਨੋਂ ਵੱਧ ਪਿਆਰ ਕਰਦਾ ਸੀ। ਸ਼ਾਇਦ ਇਸੇ ਕਰਕੇ ਜਦੋਂ ਪੋਲੀਸ ਵਿਭਾਗ ਨੇ ਉਹਨੂੰ ਪੱਤਰ ਰਾਹੀਂ ਪੁੱਛਿਆ ਕਿ ਕੀ ਤੁਹਾਨੂੰ ਸੁਰੱਖਿਆ ਗਾਰਦ ਦੀ ਲੋੜ ਹੈ ਜਾਂ ਨਹੀਂ — ਤਾਂ ਉਹਨੇ ਨਾ ਚਾਹੁੰਦਿਆਂ ਵੀ 'ਹਾਂ' 'ਚ ਜਵਾਬ ਲਿਖ ਦਿਤਾ ਸੀ।

ਜਿਸ ਦਿਨ ਇਹ ਪੱਤਰ ਆਇਆ ਸੀ, ਉਹਨੇ ਘਰ ਆ ਕੇ ਸ਼ਾਮੀਂ ਸੁਸ਼ਮਾ ਨਾਲ ਹਾਸੇ ਵਿਚ ਹੀ ਇਸ ਪੱਤਰ ਦੀ ਗੱਲ ਛੇੜ ਦਿੱਤੀ। ਉਹ ਇਕਦਮ ਗੰਭੀਰ ਹੋ ਗਈ ਸੀ। ਅਖਬਾਰਾਂ 'ਚ ਨਿੱਤ ਦਿਹਾੜੇ ਹੁੰਦੀਆਂ ਵਾਰਦਾਤਾਂ ਬਾਰੇ ਪੜ੍ਹ ਕੇ ਅਚੇਤ ਜਿਹਾ ਡਰ ਉਹਦੇ ਮਨ 'ਚ ਪੈਦਾ ਹੋ ਗਿਆ ਸੀ ਕਿ ਕਿਤੇ...। ਮਿਸਟਰ ਭਾਰਦਵਾਜ ਨੂੰ ਯਾਦ ਆਇਆ ਕਿ ਵਿਦਿਆਰਥੀ ਜੀਵਨ ਦੌਰਾਨ ਸੁਸ਼ਮਾ ਨੇ ਸਾੜ੍ਹੀ ਕਦੇ ਘੱਟ ਹੀ ਪਹਿਨੀ ਸੀ, ਉਹ ਜ਼ਿਆਦਾ ਸਲਵਾਰ ਕਮੀਜ਼ ਹੀ ਪਹਿਨਦੀ ਸੀ ਤੇ ਇਹ ਪਹਿਰਾਵਾ ਉਹਨੂੰ ਇੰਨਾ ਫਬਦਾ ਸੀ ਕਿ ਬਾਕੀ ਕੁੜੀਆਂ ਨੇ ਉਹਦਾ ਨਾ 'ਪੰਜਾਬਣ ਜੱਟੀ' ਰੱਖਿਆ ਹੋਇਆ ਸੀ। ਉਹ ਕਾਲਿਜ ਦੀ ਗਿੱਧੇ ਦੀ ਟੀਮ ਦੀ ਮੈਂਬਰ ਵੀ ਸੀ। ਜਦੋਂ ਉਹ ਬੋਲੀ ਪਾਉਂਦੀ, ਗੇੜਾ ਦੇ ਕੇ ਗਿੱਧੇ 'ਚ ਨੱਚਦੀ ਤਾਂ [illegible] ਲੋਹੜਾ ਮਚਾ ਦਿੰਦੀ — ਜੱਟੀਆਂ ਨਾਲੋਂ ਘੱਟ ਕਿਹੜਾ ਲੱ[illegible]ਦੀ ਸੀ — ਮਿਸਟਰ ਭਾਰਦਵਾਜ ਸੋਚਦਾ। ਹੁਣ ਇਸ 'ਪੰਜਾਬਣ ਜੱਟੀ' [illegible]ਨ 'ਚ ਸ਼ੰਕਾ ਪੈਦਾ ਹੋ ਗਿਆ ਸੀ ਕਿ ਕਿਤੇ...। ਤੇ ਉਹਨੇ ਮਿਸਟਰ ਭਾਰਦਵਾਜ ਨੂੰ ਕਹਿ ਦਿੱਤਾ ਸੀ ਕਿ ਇਹਤਿਆਤ ਰੱਖਣ 'ਚ ਕੋਈ ਹਰਜ਼ ਨਹੀਂ। ਅਸੀਂ ਕੋਈ ਵਾਧਾ ਜਾਂ ਜ਼ੁਲਮ ਥੋੜੇ ਹੀ ਕਰ ਰਹੇ ਆਂ। ਆਪਣਾ ਬਚਾਅ ਕਰਨਾ ਕੋਈ ਗੁਨਾਹ ਨਹੀਂ। ਮਿਸਟਰ ਭਾਰਦਵਾਜ ਉਹਦੀ ਇਸ ਗੱਲ 'ਤੇ ਹੱਸ ਪਿਆ ਸੀ ਤੇ ਆਪਣੀ ਭੋਲੀ ਪਤਨੀ ਨੂੰ ਸਮਝਾਉਣ ਲੱਗ ਪਿਆ ਸੀ ਕਿ ਇਹ ਹਿੰਸਾਤਮਕ ਕਾਰਵਾਈਆਂ ਸਿਆਸੀ ਪਾਰਟੀਆਂ ਇਕ ਦੂਸਰੀ ਤੋਂ ਸੱਤਾ ਹਥਿਆਉਣ ਲਈ ਹਥਿਆਰ ਵਜੋਂ ਵਰਤ ਰਹੀਆਂ ਨੇ। ਅਸਲ ਨੁਕਤਾ ਆਰਥਿਕ ਮੁਸ਼ਕਲਾਂ ਦਾ ਹੁੰਦਾ ਹੈ। ਲੋਕਾਂ ਦੀਆਂ ਮੁਸ਼ਕਲਾਂ 'ਤੇ ਸਰਕਾਰ ਨੂੰ ਜ਼ਰੂਰ ਵਿਚਾਰ ਕਰਨੀ ਚਾਹੀਦੀ ਹੈ। ਜਦੋਂ ਸਾਡੀ ਕਿਸੇ ਨਾਲ ਕੋਈ ਦੁਸ਼ਮਣੀ ਨਹੀਂ ਤਾਂ ਸਾਨੂੰ ਕੋਈ ਡਰ ਨਹੀਂ ਹੋਣਾ ਚਾਹੀਦਾ। ਜੇਕਰ ਕੁਝ ਹੋਣਾ ਹੀ ਹੋਇਆ ਤਾਂ ਗਾਰਦਾਂ ਦੀ ਸੁਰੱਖਿਆ ਦੇ ਬਾਵਜੂਦ ਵੀ ....। ਤੇ ਮਿਸਜ਼ ਭਾਰਦਵਾਜ ਨੇ ਆਪਣੇ ਪਤੀ ਦੇ ਮੂੰਹ 'ਤੇ ਹੱਥ ਰੱਖ ਦਿੱਤਾ ਸੀ। ਆਪਣੀ ਨਿੱਜੀ ਵਿਚਾਰਧਾਰਾ ਦੇ ਬਾਵਜੂਦ ਇਸਤੋਂ ਪਿੱਛੋਂ ਮਿਸਟਰ ਭਾਰਦਵਾਜ ਨੇ ਆਪਣੀ ਪਤਨੀ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ (ਜਾਂ ਸ਼ਾਇਦ ਆਪਣੀ ਪਤਨੀ ਵਾਂਗ ਅਚੇਤ ਤੌਰ 'ਤੇ ਡਰਦਿਆਂ) ਪੁਲੀਸ ਵਿਭਾਗ ਦੇ ਪੱਤਰ ਦਾ ਜਵਾਬ 'ਹਾਂ' ਵਿਚ ਲਿਖ ਦਿਤਾ। ਉਹਦੇ ਦਫਤਰ ਅਤੇ ਉਹਦੀ ਰਿਹਾਇਸ਼ 'ਤੇ ਪੱਕੇ ਤੌਰ 'ਤੇ ਗਾਰਦ ਤੈਨਾਤ ਹੋ ਗਏ। ਆਪਣੇ ਨਿੱਜੀ ਸੁਰੱਖਿਆ ਗਾਰਦ ਲੈਣਾ ਉਹਨੇ ਸਵੀਕਾਰ ਨਾ ਕੀਤਾ। ਇਹ ਉਹਨੂੰ ਆਪਣੇ ਅਸੂਲਾਂ ਦੇ ਸਰਾਸਰ ਉਲਟ ਲੱਗਿਆ ਸੀ।

ਮਿਸਟਰ ਭਾਰਦਵਾਜ ਨੂੰ ਇਸ ਗੱਲ ਦੀ ਤਸੱਲੀ ਸੀ ਕਿ ਉਸਦਾ ਪਰਿਵਾਰ ਸੰਤੁਲਿਤ ਪਰਿਵਾਰ ਸੀ। ਵੱਡੀ ਲੜਕੀ ਗੀਤਾ ਤੇ ਛੋਟਾ ਲੜਕਾ ਰਾਕੇਸ਼। ਗੀਤਾ ਪਿਛਲੇ ਸਾਲ ਮੈਟ੍ਰਿਕ ਚੰਗੇ ਨੰਬਰਾਂ 'ਚ ਪਾਸ ਕਰਕੇ ਕਾਲਿਜ ਵਿਚ ਦਾਖਲ ਹੋ ਗਈ ਸੀ। ਰਾਕੇਸ਼ ਇਸ ਵਾਰ ਸੱਤਵੀਂ 'ਚ ਹੋ ਗਿਆ ਸੀ। ਉਨ੍ਹਾਂ ਦੀ ਰਿਹਾਇਸ਼ ਤੋਂ ਕੋਈ ਪੰਜਾਹ ਕੁ ਮੀਟਰ ਦੇ ਫਾਸਲੇ 'ਤੇ ਮੁੱਖ ਸੜਕ ਸੀ ਜਿੱਥੋਂ ਹਰ ਦਸ ਮਿੰਟਾਂ ਬਾਦ ਸ਼ਹਿਰ ਵੱਲ ਬੱਸ ਜਾਂਦੀ ਸੀ। ਇਸ ਕਰਕੇ ਬੱਚਿਆਂ ਨੂੰ ਆਉਣ ਜਾਣ ਦੀ ਕੋਈ ਮੁਸ਼ਕਿਲ ਨਹੀਂ ਸੀ। ਭਾਵੇਂ ਉਹਦਾ ਵਧੇਰੇ ਸਨੇਹ ਗੀਤਾ ਨਾਲ ਹੀ ਸੀ, ਪਰ ਗੀਤਾ ਕਿੰਨੀ ਵੱਡੀ ਹੋ ਗਈ ਹੈ, ਇਸਦਾ ਅਹਿਸਾਸ ਉਹਨੂੰ ਕੱਲ ਦੀ ਘਟਨਾ ਤੋਂ ਬਾਅਦ ਹੋਇਆ। ਉਹ ਤਾਂ ਉਹਨੂੰ ਹਾਲੀ ਬੱਚੀ ਹੀ ਸਮਝਦਾ ਸੀ।

ਕੱਲ ਜਦੋਂ ਉਹ ਦੌਰੇ ਤੋਂ ਪਰਤਿਆ ਸੀ ਤਾਂ ਉਹਨੂੰ ਆਪਣੇ ਕੁਆਰਟਰ ਦੇ ਬਾਹਰ ਭੀੜ ਇਕੱਠੀ ਹੋਈ ਦੇਖ ਕੇ ਹੈਰਾਨੀ ਵੀ ਹੋਈ ਸੀ ਤੇ ਫਿਕਰ ਵੀ। ਬਾਹਰਲਾ ਗੇਟ ਲੰਘ ਕੇ ਉਹਨੇ ਜਦੋਂ ਔਰਤਾਂ ਦੇ ਵਿਚਕਾਰ ਖੜੀ ਆਪਣੀ ਪਤਨੀ ਨੂੰ ਵੇਖਿਆ ਤਾਂ ਉਹ ਹੱਕਾ ਬੱਕਾ ਰਹਿ ਗਿਆ — ਉਹਦੀਆਂ ਅੱਖਾਂ 'ਜ ਜਿਵੇਂ ਖ਼ੂਨ ਉਤਰ ਆਇਆ ਸੀ। "ਮੈਂ ਉਹਦੇ ਸੀਰਮੇ ਪੀ ਜਾਵਾਂਗੀ"—ਕਹਿ ਕੇ ਉਹਦੀ ਕਸੀਸ ਵੱਟੀ ਗਈ। ਮਿਸਟਰ ਭਾਰਦਵਾਜ ਫਿਕਰਮੰਦ "ਕੀ ਹੋਇਆ .... [illegible] ਹੋਇਆ ਕੀ ? ..." ਪੁੱਛਦਾ ਹੋਇਆ ਆਪਣੀ ਪਤਨੀ ਨੂੰ ਬਾਹੋਂ ਫੜਕੇ ਅੰਦਰ ਵੱਲ ਖਿਚ ਕੇ ਲੈ ਗਿਆ। ਕੌਰੀਡੋਰ 'ਚ ਬਾਹਾਂ 'ਚ ਮੂੰਹ ਲੁਕੋ ਕੇ ਡੁਸਕਦੀ ਹੋਈ ਗੀਤਾ ਇਕ ਕੰਧ ਨਾਲ ਲੱਗੀ ਸਹਿਮੀ ਖੜੀ ਸੀ। ਅੰਦਰ ਜਾਂਦਿਆਂ ਮਿਸਟਰ ਭਾਰਦਵਾਜ ਨੇ ਥੋੜਾ ਨਰਮ ਲਹਿਜ਼ੇ 'ਚ ਪੁੱਛਿਆ ਕਿ ਕੀ ਵਾਪਰ ਗਿਆ ਹੈ— ਤਾਂ ਸੁਸ਼ਮਾ ਫੁੱਟ ਫੁੱਟ ਕੇ ਰੋ ਪਈ। ਬੱਸ ਇੰਨਾ ਹੀ ਕਹਿ ਸਕੀ—'ਅਸੀਂ ਇੱਥੇ ਨਹੀਂ ਰਹਿਣਾ...।" ਦੋਹਾਂ ਮਾਵਾਂ ਧੀਆਂ ਨੂੰ ਉਥੇ ਛੱਡ ਕੇ ਮਿਸਟਰ ਭਾਰਦਵਾਜ ਬਾਹਰ ਆਇਆ। ਉਹਨੇ ਭੀੜ ਨੂੰ ਗਹੁ ਨਾਲ ਜਾਂਚਿਆ। ਚੌਕੀਦਾਰ, ਉਹਦੀ ਪਤਨੀ, ਬੱਚੇ, ਦਰਜਾ ਚਾਰ ਦੇ ਕੁਝ ਮੁਲਾਜ਼ਮ ਤੇ ਲਾਗਲੇ ਖੇਤਾਂ 'ਚ ਡੰਗਰ ਚਾਰਨ ਵਾਲੇ ਕੁਝ ਮੁੰਡੇ, ਕੁੜੀਆਂ। ਉਹਨੇ ਚੌਕੀਦਾਰ ਤੋਂ ਪੁੱਛਿਆ ਕੀ ਵਾਪਰ ਗਿਆ ਹੈ। ਚੌਕੀਦਾਰ ਦੀ ਥਾਂ ਉਹਦੇ ਘਰ ਵਾਲੀ ਬੋਲੀ :

"ਸਾਹਬ, ਜਬ ਆਪ ਬਾਹਿਰ ਚਲੀ ਜਾਵਤ ਹੈ ਨਾ, ਤੋ ਵੋਹ ਬਦਮਾਸ ਆਪਕੀ ਬਿਟੀਆ ਕੋ ਬਹੁਤ ਤੰਗ ਕਰਤ ਹੈ।"

"ਕੌਣ ?"

"ਅਰੇ, ਵਹੀ ਸਾਹਬ, ਵੋਹ ਪੁਲਿਸ ਵਾਲਾ..."

ਇਸ ਤੋਂ ਬਾਦ ਚੌਕੀਦਾਰ ਤੇ ਉਹਦੀ ਪਤਨੀ ਨੇ ਜਿਹੜੀ ਗੱਲ ਮਿਲਵੇਂ ਤੌਰ 'ਤੇ ਉਹਨੂੰ ਦੱਸੀ ਉਹ ਇਸ ਤਰ੍ਹਾਂ ਸੀ :

ਸੁਰੱਖਿਆ ਲਈ ਤੈਨਾਤ ਇਕ ਸਿਪਾਹੀ ਗੀਤਾ ਨੂੰ ਕਾਲਿਜ ਆਉਂਦੀ ਜਾਂਦੀ ਨੂੰ ਛੇੜਦਾ। ਗੀਤਾ ਨੇ ਸੋਚਿਆ ਕਿ ਮਾਂ ਬਾਪ ਨੂੰ ਦੁਖੀ ਨਾ ਕਰਾਂ, ਇਸ ਕਰਕੇ ਚੁੱਪ ਵੱਟ ਰੱਖੀ — ਤੇ ਉਹ ਹੋਰ ਭੂਹੇ ਹੋ ਗਿਆ। ਜਦੋਂ ਉਹਦੀ ਡਿਊਟੀ ਨਾ ਵੀ ਹੁੰਦੀ ਤਾਂ ਵੀ ਉਹ ਆ ਜਾਂਦਾ — ਦੂਜਿਆਂ ਨੂੰ ਮਿਲਣ ਦੇ ਬਹਾਨੇ। ਗੀਤਾ ਵੱਲ ਵੇਖ ਕੇ ਵਾਹਯਾਤ ਆਵਾਜ਼ੇ ਕੱਸਦਾ ਤੇ ਹੱਸਦਾ। ਕੱਲ ਜਦੋਂ ਗੀਤਾ ਲਾਅਨ ਵਿਚ ਬੈਠੀ ਪੜ੍ਹ ਰਹੀ ਸੀ ਤਾਂ ਗੇਟ ਲੰਘ ਕੇ ਅੰਦਰ ਚਲਾ ਗਿਆ ਤੇ ਉਹਨੂੰ ਕਹਿਣ ਲੱਗਾ, "ਮੈਂ ਤੇਰੇ ਬਾਪ ਨੂੰ ਅਤਿਵਾਦੀਆਂ ਹੱਥੋਂ ਕਤਲ ਕਰਵਾ ਦਿਆਂਗਾ ਨਹੀਂ ਤਾਂ —।" ਤੇ ਇਹ ਗੱਲ ਅੰਦਰ ਸਬਜ਼ੀ ਕੱਟ ਰਹੀ ਮਿਸਜ਼ ਭਾਰਦਵਾਜ ਨੂੰ ਸੁਣ ਗਈ। ਉਸ ਦਰਵਾਜ਼ੇ 'ਚ ਆ ਕੇ ਵੇਖਿਆ — ਉਹ ਗੀਤਾ ਨੂੰ ਗੰਦੇ ਮਖੌਲ ਕਰ ਰਿਹਾ ਸੀ। ਉਹ ਸਬਜ਼ੀ ਕੱਟਣ ਵਾਲੇ ਚਾਕੂ ਸਮੇਤ ਉਸ ਬਦਮਾਸ਼ 'ਤੇ ਝਪਟ ਕੇ ਪਈ ਤਾਂ ਉਹ ਝੇਂਪ ਕੇ ਬਾਹਰ ਨਿਕਲ ਗਿਆ। ਰੌਲਾ ਸੁਣ ਕੇ ਸਭ ਲੋਕ ਜਮ੍ਹਾਂ ਹੋ ਗਏ, ਉਹਨੂੰ ਪਕੜਨ ਦੀ ਕੋਸ਼ਿਸ਼ ਕੀਤੀ ਤਾਂ ਉਹ ਦੌੜ ਗਿਆ।

"ਉਸਨੇ ਬੋਲਾ ਥਾ ਉਸਕੇ ਪਾਸ ਬਹੁਤ ਬੜਾ ਸਿਫਾਰਿਸ ਹੈ, ਸਾਹਬ" ਚੌਕੀਦਾਰ ਨੇ ਗੱਲ ਮੁਕਾਈ।

ਮਿਸਟਰ ਭਾਰਦਵਾਜ ਨੂੰ ਗੱਲ ਸੁਣਕੇ ਗੁੱਸੇ 'ਚ ਇਹ ਹੋਸ਼ ਵੀ ਨਾ ਰਹੀ ਕਿ ਕਦੋਂ ਉਹ ਉੱਚੀ ਉਚੀ ਗਾਹਲਾਂ ਦੇਣ ਲੱਗਾ। ਸਭ ਲੋਕ ਮੂਕ ਦਰਸ਼ਕ ਬਣੇ ਖੜੇ ਰਹੇ। ਤੌੜੀ ਉੱਬਲੂ ਤਾਂ ਆਪਣੇ ਹੀ ਕੰਢੇ ਸਾੜੂ। ਆਖਰ ਕੁਝ ਚਿਰ ਮਗਰੋਂ ਆਪ ਹੀ ਥੋੜ੍ਹਾ ਠੰਡਾ ਹੋਣ ਬਾਦ ਉਹਦੇ ਦਫਤਰੋਂ ਪੁਲਿਸ ਨੂੰ ਫੋਨ ਕੀਤਾ। ਉਥੋਂ ਇਕ ਸ਼ਰਾਬੀ ਆਵਾਜ਼ ਆਈ — ਸੁਪਰਡੰਟ ਸਾਹਬ ਬਾਹਰ ਗਏ ਹੋਏ ਨੇ। ਮਿਸਟਰ ਭਾਰਦਵਾਜ ਨੂੰ ਨਾਰਮਲ ਹੋਣ ਦੀ ਕੋਸ਼ਿਸ਼ ਕੀਤੀ। ਆਪਣੀ ਪਤਨੀ ਨੂੰ ਦਿਲਾਸਾ ਦਿੰਦਿਆਂ ਉਹਨੂੰ ਕਿਪਲਿੰਗ ਦਾ ਕਥਨ ਯਾਦ ਆਇਆ ਕਿ ਔਰਤ ਮਰਦ ਨਾਲੋਂ ਜ਼ਿਆਦਾ ਖਤਰਨਾਕ ਹੁੰਦੀ ਹੈ, ਖਾਸ ਕਰ ਉਦੋਂ ਜਦੋਂ ਉਹਦੀ ਔਲਾਦ ਦਾਅ 'ਤੇ ਲੱਗੀ ਹੋਈ ਹੋਵੇ। ਗੀਤਾ ਨੂੰ ਵਰਾਉਂਦਿਆਂ ਉਹਨੂੰ ਖਿਆਲ ਆਇਆ ਕਿ ਕਿਉਂ ਸਾਡੇ ਲੋਕ ਹੁਣ ਤੱਕ ਮੁੰਡੇ ਦੇ ਜੰਮਣ 'ਤੇ ਖੁਸ਼ ਹੁੰਦੇ ਨੇ ਤੇ ਕੁੜੀ ਦੇ ਜਨਮ 'ਤੇ ਸੋਗ ਮਨਾਉਂਦੇ ਨੇ।

ਬਹੁਤ ਕੋਸ਼ਿਸ਼ ਕਰਨ 'ਤੇ ਵੀ ਉਹ ਸਾਰੀ ਰਾਤ ਸੌਂ ਨਹੀਂ ਸੀ ਸਕਿਆ।

ਤੇ ਹੁਣ ਸੁਰੱਖਿਆ ਗਾਰਦਾਂ ਦੀ ਵਾਪਸੀ ਲਈ ਦਰਖਾਸਤ ਦੇ ਕੇ ਪਰਤਦਿਆਂ ਉਹ ਬੜਾ ਸ਼ਾਂਤ ਹੈ। ਘਰ ਪਹੁੰਚ ਕੇ ਸਕੂਟਰ ਟਿਕਾਣੇ ਲਗਾ ਕੇ ਜਦ ਉਹ ਅੰਦਰ ਦਾਖਲ ਹੁੰਦਾ ਹੈ ਤਾਂ ਉਹਨੂੰ ਸ਼ਾਂਤੀ ਜਿਹੀ ਦਾ ਅਹਿਸਾਸ ਹੁੰਦਾ ਹੈ। ਪਰ ਉਹਨੂੰ ਜਾਪਦਾ ਹੈ ਕਿ ਇਹ ਸ਼ਾਂਤੀ ਉਹਦੇ ਘਰ ਵਿਚ ਪਹਿਲੀ ਵਾਰ ਚੁੱਪ ਵਾਂਗ ਤਣੀ ਹੋਈ ਹੈ!

ਵਿਦੇਸ਼ੀ ਸਾਹਿਤਕਾਰਾਂ ਦਾ ਐਵਾਰਡ
ਸਾਥੀ ਲੁਧਿਆਣਵੀ ਨੂੰ

ਪਟਿਆਲਾ — ਪੰਜਾਬ ਦੇ ਭਾਸ਼ਾ ਵਿਭਾਗ ਵਲੋਂ ਸ਼ਰੋਮਣੀ ਵਿਦੇਸ਼ੀ ਸਾਹਿਤਕਾਰ ਪੁਰਸਕਾਰ ਲੰਡਨ ਨਿਵਾਸੀ ਸ੍ਰੀ ਸਾਥੀ ਲੁਧਿਆਣਵੀ ਨੂੰ ਦਿਤਾ ਗਿਆ ਹੈ। ਇਹ ਐਵਾਰਡ 28 ਅਪ੍ਰੈਲ ਨੂੰ ਦਿਤੇ ਜਾਣਗੇ।

ਪ੍ਰਸਿਧ ਰਾਗੀ ਐਵਾਰਡ ਪ੍ਰੋ: ਦਰਸ਼ਨ ਸਿੰਘ ਰਾਗੀ ਨੂੰ ਪੰਜਾਬੀ ਸ਼ਰੋਮਣੀ ਸਾਹਿਤਕਾਰ ਐਵਾਰਡ ਪ੍ਰਸਿਧ ਕਹਾਣੀਕਾਰ ਸ੍ਰੀ ਮਹਿੰਦਰ ਸਿੰਘ ਜੋਸ਼ੀ ਨੂੰ, ਹਿੰਦੀ ਲਈ ਐਵਾਰਡ ਪ੍ਰਸਿੱਧ ਹਿੰਦੀ ਤੇ ਪੰਜਾਬੀ ਕਹਾਣੀਕਾਰ ਸ੍ਰੀ ਮਹੀਪ ਸਿੰਘ ਨੂੰ, ਉਰਦੂ ਲਈ ਫਿਕਰ ਤੌਂਸਵੀ ਅਤੇ ਸੰਸਕ੍ਰਿਤ ਲਈ ਸਤਿਆਵ੍ਰਤ ਸ਼ਾਸ਼ਤਰੀ ਨੂੰ ਦਿਤੇ ਗਏ।

ਸ਼ਰੋਮਣੀ ਪੱਤਰਕਾਰ ਐਵਾਰਡ ਸੁਰਜੀਤ ਸਿੰਘ ਸੇਖੀ ਨੂੰ ਦਿਤਾ ਗਿਆ ਹੈ। ਇਹ ਐਲਾਨ ਭਾਸ਼ਾ ਵਿਭਾਗ ਦੇ ਮੁੱਖੀ ਸ: ਰਾਜਿੰਦਰ ਸਿੰਘ ਨੇ ਇਥੇ ਕੀਤੇ।

ਸੱਚ ਪਹਿਚਾਨਣ ਦੀ ਕਿਸ ਨੂੰ ਵਿਹਲ ਹੈ ਇਸ ਦੌਰ ਵਿਚ
ਝੂਠ ਦੀ ਇਸ ਦੌਰ ਵਿਚ ਹੁੰਦੀ ਹੈ ਇੱਜ਼ਤ ਦੋਸਤਾ।

ਪੌੜੀਆਂ

ਹਥੇਲੀ 'ਚ
ਇਕ ਸੁਰਾਖ਼ ਹੈ
ਤੇ ਇੱਕ ਬੂੰਦ
ਹਨ੍ਹੇਰੇ 'ਚ
ਪੌੜੀਆਂ ਉਤਰਦੇ ਹੋਏ
ਹੱਥ, ਕਿਸੇ ਮੋਢੇ 'ਤੇ
ਜਾ ਟਿਕਦਾ ਹੈ
o

ਵਿਅੰਗ

ਅਸੀਂ ਅਖਬਾਰ ਕੱਢਿਆ

—ਹਰਭਜਨ ਹਾਂਸ—

ਕੈਨੇਡਾ 'ਚ ਵਿਹਲੇ ਆਦਮੀ ਨੂੰ ਤਿੰਨ ਸ਼ੌਂਕ ਨੇ — ਪਹਿਲਾਂ ਤਾਂ ਇਹ ਕਿ ਗੁਰਦੁਆਰੇ ਦੇ ਲੰਗਰਖਾਨੇ 'ਚ ਜਾ ਕੇ ਬੈਠੇ ਮੁਸ਼ਕੇ ਬੁੜ੍ਹਿਆਂ ਤੋਂ ਸਾਰੇ ਜਹਾਨ ਦੀ ਮਸ਼ੂਕ-ਕੁੜੀਆਂ ਦੇ 'ਇਸ਼ਕ-ਹਕੀਕੀ' ਕਿੱਸੇ ਸੁਣਨੇ, ਦੂਜਾ ਸ਼ਹਿਰ ਵਿਚਲੇ ਸੌਪਿੰਗ-ਸੈਂਟਰ ਦੇ ਬੈਂਚਾਂ ਤੇ ਬੈਠਕੇ ਗੋਰੀਆਂ ਨਿਹਾਰਨੀਆਂ ਤੇ ਤੀਜਾ ਹਰ ਦੂਜੇ ਫਰਾਈਡੇ ਨੂੰ ਮੈਨ-ਪਾਵਰ ਵਾਲਿਆਂ ਦੇ ਜਾ ਕੇ ਬੇ-ਰੁਜ਼ਗਾਰੀ ਭੱਤੇ ਵਸੂਲਣ ਦੇ ਕਾਗਜ਼ ਪਾ ਕੇ ਆਉਣਾ! ਹੁਣ ਕਿਉਂਕਿ ਮੈਂ ਵਿਹਲਾ ਵੀ ਆਂ, ਤੇ ਵਿਹਲੜ ਵੀ ਮੈਪਲ-ਲੀਫ ਵਾਲੇ ਝੰਡੇ ਦੇ ਮੁਲਕ ਦਾ, ਉਪਰੋਕਤ ਤਿੰਨੇ ਚਸਕਿਆਂ ਦਾ ਚਸਕਾ ਆਪਾਂ ਨੂੰ ਵੀ ਹੈ। ਕਦੇ-ਕਦੇ ਮੈਂ ਮੈਨ-ਪਾਵਰ ਵਾਲਿਆਂ ਦੇ ਬਕਸੇ 'ਚ ਕਾਗਜ਼ ਪਾ ਕੇ ਨਹੀਂ ਮੁੜਦਾ, ਸਗੋਂ ਅਗਾਂਹ ਉਸ ਜਗ੍ਹਾ ਵੱਲ ਵਧ ਜਾਂਦਾ ਹਾਂ, ਜਿਥੇ ਪੀਲੇ-ਪੀਲੇ ਕਾਰਡਾਂ ਤੇ ਜੌਬਾਂ-ਈ-ਜੌਬਾਂ ਲੱਗੀਆਂ ਪਈਆਂ ਹੁੰਦੀਆਂ।

ਹਰ ਜੌਬ ਲਈ ਜੌਬ-ਇਕਸਪੀਰੀਐਂਸ ਦੀ ਲੋੜ ਹੈ, ਬੇਸਿਕ ਕੁਆਲੀਫੀਕੇਸ਼ਨ ਦੀ ਮੰਗ ਹੈ। ਤਿੰਨ ਡਾਲਰ ਪੈਂਹਟ ਸੈਂਟ ਤੋਂ ਮੁਨਕਰ, ਟਕੇ-ਟਕੇ ਦੇ ਫੋਰਮੈਨ ਤੋਂ ਬੇ-ਇਜ਼ਤੀ ਕਰਵਾਉਣ ਵਾਲਾ, ਮਿੱਟੀ 'ਚ ਮਿੱਟੀ ਕਰਨ ਵਾਲਾ ਫਾਰਮਰ ਵੀ ਉਸੇ ਵਰਕਰ ਦੀ ਮੰਗ ਕਰਦਾ ਹੈ — ਜੀਹਦਾ ਚੰਮ ਲਹਾਉਣ 'ਚ ਪਾਸਟ-ਇਕਸਪੀਰੀਐਂਸ ਹੋਵੇ, ਜੋ ਅਠਾਰਾਂ ਪੌਂਡ ਦੀ ਥਾਂ ਪੱਚੀ ਪੌਂਡ ਦਾ ਬੇਰੀ ਦਾ ਫਲੈਟ ਦੇਣ ਵੇਲੇ ਚੂੰ ਤੋਂ ਚਾਂ ਨਾ ਕਰੇ!

ਪਰ ਫੱਕਰਾਂ ਕੋਲ ਜੋ ਤਜਰਬਾਤ ਸੀ, ਉਹ ਸੀ ਜੁਆਕਾਂ ਦੇ ਕੰਨ ਫੜਵਾਕੇ, ਤਪਲਬਾਜ ਉਚੇ ਕਰਵਾਕੇ ਦੋ-ਦੋ ਡੰਡੇ ਠੋਕਣ ਦਾ। ਪਰ ਇਥੇ ਦੇ ਜੁਆਕ ਤਾਂ ਜੰਮਦੀਆਂ ਸੂਲ੍ਹਾਂ ਨੇ, ਡੰਡੇ ਖਾਣਾ ਨਾ ਇਨ੍ਹਾਂ ਦਾ ਹਕੂਕ ਹੈ, ਨਾ ਫਰਜ-ਅਦਾਇਗੀ। ਰਹਿੰਦ-ਖੂੰਹਦ ਆਲਮ ਇਹ ਹੈ ਕਿ ਇਥੋਂ ਦੇ ਅੱਧਿਓਂ ਵੱਧ ਮਾਸਟਰ ਜੀ ਤਾਂ ਵਿਚਾਰੇ ਬੇਰੁਜ਼ਗਾਰੀ ਦੇ ਮਾਰੇ ਕੈਲੇਫੋਰਨੀਆਂ ਵਲ ਪੀਚਜ ਤੋੜਨ ਲਈ ਰਵਾਨਾ ਹੋ ਚੁਕੇ ਨੇ ਤੇ ਤਿੰਨ-ਚੌਥਾਈ ਰਵਾਨਗੀ ਦੀ ਤਿਆਰੀ 'ਚ ਨੇ! ਮੇਰੇ ਵਰਗੇ 'ਮੇਡ ਇਨ ਇੰਡੀਆ' ਮੁਣਸ਼ੀ ਦੀ ਇਥੇ ਕੀ ਪੁਛ ਤੇ ਕੀ ਦੱਸ?

ਜਿਵੇਂ ਪੈਸੇ ਵਾਲੇ ਬੇਵਕੂਫ ਨੂੰ ਲੋਕ ਆਲਮ-ਫਾਜਲ ਕਹਿਣ ਲੱਗ ਪੈਂਦੇ ਨੇ, ਤੇ ਉਸਦੇ ਲੰਡਰ ਕੁੱਤੇ ਨੂੰ ਅਲਸੇਸ਼ਨ! ਉਵੇਂ ਗਰੀਬ ਆਦਮੀ ਦੇ ਗੁਣ ਵੀ ਉਹਦੀ ਗਰੀਬੀ ਨੂੰ ਇਉਂ ਢਕ ਲੈਂਦੀ ਹੈ, ਜਿਵੇਂ ਮੁੱਲਾ ਦੀ ਲਾਸ਼ ਨੂੰ ਕਬਰ ਦੀ ਮਿੱਟੀ! ਹੋ ਸਕਦੈ, ਮੇਰਾ ਇਹ ਵਹਿਮ ਹੋਵੇ, ਕਿਉਂਕਿ ਵਹਿਮ ਕਰਨਾ ਸਾਡੇ ਪਿੰਡ ਦਾ ਜੱਦੀ-ਪੁਸ਼ਤੀ ਕਿੱਤਾ ਜਿਹਾ ਬਣ ਗਿਆ ਹੈ। ਇਸੇ ਕਰਕੇ ਬਾਬੂ ਕੇ ਟੱਬਰ ਨੂੰ 'ਵਹਿਮੀਆਂ ਕੇ' ਕਹਿਕੇ ਸੱਦਿਆ ਜਾਂਦਾ ਹੈ। ਪਰ ਤਤਸਾਰ ਇਹ ਨਹੀਂ ਕਿ ਸਾਡੇ ਪਿੰਡ 'ਚ 'ਬਾਬੂ ਕੇ ਟੱਬਰ' ਬਿਨਾਂ ਹੋਰ ਕੋਈ ਵਹਿਮ ਦਾ ਮਰੀਜ਼ ਨਹੀਂ! ਸਾਡੇ ਪਿੰਡ ਇਕ ਬੰਦਾ ਸੀ, ਬੰਦੇ ਦਾ ਨਾਂ ਸੀ ਭਜਨਾ (ਰਬ ਉਹਦੀ ਰੂਹ ਨੂੰ ਸ਼ਾਂਤੀ ਬਖਸ਼ੇ!), ਬੇ-ਉਲਾਦਾ, ਚਾਰ ਕੁ ਸਿਆੜਾਂ ਦਾ ਮਾਲਕ। ਭਜਨੇ ਦੇ ਘਰ ਵਾਲੀ ਨੇ ਪਿੰਡ 'ਚ ਬਥੇਰੇ ਮੁੰਡਿਆਂ ਦੇ ਵਿਆਹਾਂ 'ਚ ਵਿਚੋਲ-ਗਿਰੀ ਕੀਤੀ। ਪਿੰਡ ਦੇ ਜੱਦੀ ਛੜੇ ਭਜਨੇ ਨੂੰ 'ਚਾਚਾ ਜੀ' ਕਹਿੰਦੇ — ਕਾਰਨ ਇਹ ਕਿ ਖੌਰੇ ਉਨ੍ਹਾਂ ਦਾ ਨਾਂ ਚਾਚੀ ਜੀ ਦੀ 'ਮੈਰਿਜ-ਲਿਸਟ' 'ਚ ਚੜ੍ਹ ਜਾਵੇ। ਕਈ 'ਇਕਨੌਮਿਕਸ ਸਪੈਸ਼ਲਿਸਟ' ਭਜਨੇ ਨੂੰ 'ਬਾਬਾ ਜੀ, ਸਾ ਸਰੀ 'ਕਾਲ' ਇਸ ਕਰਕੇ ਕਹਿੰਦੇ ਕਿ ਪਤਾ ਨਹੀਂ ਮਰਨ ਵੇਲੇ ਭਜਨਾ ਆਪਣਾ ਮੁਰੱਬਾ ਕੀਹਨੂੰ ਬਖਸ਼ਜੇ! ਭਜਨੇ ਦਾ ਵਹਿਮ, ਕਿ ਚਾਚਾ ਨਹਿਰੂ ਬਾਅਦ ਉਹੀ ਪਿੰਡ ਦਾ ਸਭ ਤੋਂ ਵੱਧ ਪਾਪੂਲਰ ਸਖਸ਼ ਹੈ, ਭਜਨੇ ਦੇ ਦਿਮਾਗ 'ਚ ਕੈਂਸਰ ਵਾਂਗ ਫੈਲਦਾ ਗਿਆ। ਤੇ 'ਪਾਪੂਲਰਟੀ' ਕਰਨ ਸਰਪੰਚੀ ਦੀਆਂ ਚੋਣਾਂ ਦਾ ਉਮੀਦਵਾਰ ਬਣ ਗਿਆ। ਹਰ ਪੰਜ ਸਾਲ ਬਾਅਦ ਵੋਟਾਂ ਪੈਣ, ਹਰ ਪੰਜ ਸਾਲ ਬਾਅਦ ਭਜਨਾ ਚਾਰੇ ਖਾਨੇ ਚਿੱਤ ਲਵੇ। ਚਾਰ-ਪੰਜ ਵਾਰ ਚਿੱਤ ਹੋਣ ਬਾਅਦ ਭਜਨਾ ਕਾਸੇ ਜੋਗਾ ਨਾ ਰਿਹਾ ਤੇ ਕੁਝ ਚਿਰ ਬਾਅਦ ਆਪਣੇ ਜੋਗਾ ਵੀ ਨਾ।

ਜਿਸ ਦਿਨ ਭਜਨੇ ਦੀ ਮਈਅਤ ਉਠ ਰਹੀ ਸੀ, ਲਾਲ ਨਾਈ ਦੇ ਮੁੰਡੇ ਦੇ ਮੰਗਣੇ ਤੇ ਲੱਗੇ ਲਾਊਡ-ਸਪੀਕਰ ਚੋਂ ਆਵਾਜ਼ ਆ ਰਹੀ ਸੀ, 'ਯਹ ਦੁਨੀਆਂ, ਯਹ ਮਹਫਲ, ਮੇਰੇ ਕਾਮ ਕੀ ਨਹੀਂ!'

ਉਪਰੋਕਤ ਗਰੜ-ਪੁਰਾਣ ਦੀ ਕਥਾ ਦਾ ਮਹੱਤਮ ਇਹ ਹੈ ਕਿ ਗਰੀਬ ਕੋਲ ਗੁਣ, ਜਾਂ ਗੁਣ ਹੋਣ ਦਾ ਵਹਿਮ ਤਾਂ ਹੁੰਦਾ ਹੈ, ਪਰ ਪਹਿਚਾਨਣ ਵਾਲੇ ਜੌਹਰੀ ਥੁੜੋਂ ਇੰਜ ਛੁਪਤ ਹੋਏ ਰਹਿੰਦੇ ਨੇ, ਜਿਵੇਂ ਇਕਵਾਡੋਰ ਵਰਗੇ ਮੁਲਕਾਂ ਦੀ ਥੁੜੋਂ ਵਿਦੇਸ਼ੀ ਖਾਲਸਤਾਨੀ!

ਪਰ ਇਸ ਬੇ-ਦੇਸ਼ 'ਚ ਦੇਸ਼ੀ ਦਿਮਾਗ ਦੀ ਕੀ ਅਹਿਮੀਅਤ! ਸੱਚ ਹੀ ਤਾਂ ਹੈ — ਬਾਹਰ ਦਾ ਯੋਗੀ ਜੋਗੜਾ, ਘਰ ਦਾ ਯੋਗੀ ਸਿੱਧ!

ਸਾਡੇ ਇਕ ਖੈਰ ਖੁਆਹ ਨੇ! ਸ਼ੁਕਰ ਹੈ ਸਾਡਾ ਵੀ ਕੋਈ ਖੈਰ-ਖੁਆਹ ਹੈ, ਨਹੀਂ ਤਾਂ ਏਸ ਮੁਲਕ ਦੀ ਮਿੱਟੀ ਦੀ ਕਣਕ ਖਾਂਦੇ ਲੋਕ ਤਾਂ ਗਰੀਬਾਂ ਕੋਲੋਂ ਇੰਝ ਪਰ੍ਹੇ ਨੱਠਦੇ ਨੇ, ਜਿਵੇਂ ਵੈਨਕੂਵਰ ਦੇ 'ਕੌਮ ਦੇ ਰਹਿਬਰ' ਅਖਬਾਰ ਦੇ ਸੰਪਾਦਕ ਕੋਲੋਂ ਕੋਈ ਅਕਲ ਦੀ ਗੱਲ! ਹਾਂ ਜੀ, ਸਾਡੇ ਉਸ ਖੈਰ-ਖੁਆਹ ਨੇ ਫੋਨ ਕੀਤਾ ਕਿ ਜੇ ਕੋਈ ਹੋਰ ਕੰਮ ਨਹੀਂ ਮਿਲਦਾ, ਦੇਸ਼ੀ ਅਖਬਾਰ ਕੱਢ ਲੋ!

ਲਉ ਜੀ! ਕਰ ਲੋ ਗੱਲ! ਅਖਬਾਰ ਨਾ ਹੋਇਆ, ਠੇਕੇਦਾਰ ਦੀ ਵੈਨ ਹੋਈ — ਬਈ ਬੈਠੋ, ਪਹੁੰਚੋ ਤੇ ਲੱਕ ਨਾਲ ਬਾਲਟੀ ਬੰਨ੍ਹੀ ਬੇਰੀ ਤੋੜਲੀ। ਅਖਬਾਰ ਲਈ ਕੀ ਕੁਝ ਨਹੀਂ ਚਾਹੀਦਾ — ਬੇ-ਸ਼ੁਮਾਰ ਸ਼ਹਿਰਾਂ 'ਚ ਬੇ-ਸ਼ੁਮਾਰ ਰਿਪੋਰਟਰ, ਕਲਮਾਂ, ਕਾਪੀਆਂ, ਛਾਪਾਖਾਨਾ, ਛਾਪਕ, ਵਿਤਰਕ, ਵੇਚਕ, ਕਾਗਜ਼, ਸਿਆਹੀ, ਪੜ੍ਹਾਕੇ! ਤੇ ਪੜ੍ਹਾਕੇ? ਕਿਸੇ ਅਖਬਾਰ 'ਚ ਸਾਡੀ ਛਪੀ ਹੋਈ ਕੋਈ ਇਕ ਕਹਾਣੀ ਪੜ੍ਹਨ ਨੂੰ ਤਿਆਰ ਨਹੀਂ, ਸਾਡਾ ਛਾਪਿਆ ਅਖਬਾਰ ਪੜ੍ਹਨ ਨੂੰ ਤਾਂ ਕੋਈ ਸੇਵਾਦਾਸ ਹੀ ਨਿਤਰੂ, ਜਿਹੜਾ ਆਏ ਦਿਨ ਬਿਨਾਂ ਕਿਸੇ ਗੱਲ ਦੇ ਮਰਨ-ਵਰਤ ਧਾਰ ਲੈਂਦਾ ਸੀ। ਸੇਵਾਦਾਸਾਂ ਨੂੰ ਹੋਰ ਕੰਮ ਵੀ ਕੀ ਹੈ — ਪਹਿਨਣ ਦੀ ਪਰੋਬਲਮ ਨਹੀਂ, ਖਾਣ ਦੀ ਸਮੱਸਿਆ ਨਹੀਂ, ਸੌਚਾਲਿਆਂ ਦਾ ਬੰਧਨ ਨਹੀਂ! ਅਖਬਾਰ ਨਹੀਂ ਪੜ੍ਹਨਗੇ — ਤਾਂ ਕੀ ਪਕਦੇ ਪਰੌਂਠਿਆਂ ਦੀ ਮਹਿਕ ਸੁੰਘਣਗੇ? ਪਰ ਇਸ ਮੁਲਕ 'ਚ ਤਾਂ ਜਿਵੇਂ ਸੇਵਾਦਾਸਾਂ ਨੂੰ ਮਾਰਕੋਸ ਵਾਂਗੂੰ ਬਣਵਾਸ ਮਿਲਿਆ ਹੋਇਆ ਹੈ!

ਸੁਣਿਆ, ਭਾਵੇਂ ਸਾਡੀ ਇਹ ਸੁਣਤ ਕੋਈ ਕਵੀ ਕਾਲੀਦਾਸ ਦੀ ਸ਼ਕੁੰਤਲਾ ਨਹੀਂ, ਕਿ ਜੋ ਸੋਚਦੇ ਨੇ ਉਹ ਬਸ ਸੋਚਦੇ ਈ ਰਹਿ ਜਾਂਦੇ ਨੇ, ਕਰ ਕੋਈ ਹੋਰ ਜਾਂਦਾ ਹੈ! ਸਾਡੇ ਇਕ ਰਿਸ਼ਤੇਦਾਰ ਜੀ ਨੇ — ਬਹੁਤ ਸੋਚਦੇ ਨੇ — ਸੋਚਦੇ ਨੇ ਪਹਾੜਾਂ ਤੇ ਟ੍ਰੀ ਲਵਾਉਣ ਦੇ ਠੇਕੇ ਤੋਂ ਲੈ ਕੇ ਪੌਪ-ਕਾਰਨ ਦੀਆਂ ਮਸ਼ੀਨਾਂ ਲਵਾਉਣ ਤੱਕ, ਸੋਚਦੇ ਨੇ ਏਅਰਪੋਰਟ ਤੇ ਲਿਮੋਜੀਨ ਪਾਉਣ ਤੋਂ ਲੈ ਕੇ ਟਰਾਂਟੋ ਮੂਵ ਹੋਣ ਤੱਕ — ਆਏ ਦਿਨ ਡੇਲੀ ਨਿਊਜਪੇਪਰ ਦੀ ਤਰ੍ਹਾਂ ਉਨ੍ਹਾਂ ਦੀ ਸੋਚ ਵੀ ਨਵੀਂ ਹੁੰਦੀ ਹੈ — ਤੇ ਹਰ ਸੋਚ ਅਹਿਦ ਤੋਂ ਪੂਰਤੀ ਦੇ ਵਿਚਕਾਰ ਹੀ ਦਮ ਤੋੜ ਜਾਂਦੀ ਹੈ! ਤੇ ਰਿਸ਼ਤੇਦਾਰ ਜੀ ਦੀ ਸੋਚ ਦੇ ਉਲਟ ਅਸੀਂ ਅਖਬਾਰ ਕੱਢਣ ਦਾ ਅਹਿਦ ਕਰ ਲਿਆ ਤੇ ਪੂਰਤੀ ਲਈ ਸੰਭਵ ਯਤਨਾਂ ਵੱਲ ਸਫਰ ਦੀ ਸ਼ੁਰੂਆਤ!

ਇਕ ਕਵੀ ਜੀ ਨੂੰ ਆਪਣੇ ਅਖਬਾਰ ਦਸਤਕ' ਲਈ ਕਵਿਤਾ ਲਿਖਣ ਲਈ ਫੋਨ ਕੀਤਾ ਤਾਂ ਅੱਗੋਂ ਉਚਰੇ 'ਇਕ ਕਵਿਤਾ ਦੀ ਗੱਲ ਕਰਦੇ ਓਂ ਸਜਣੋ .... ਅਸੀਂ ਪੂਰੀਆਂ ਵੀਹ ਕਵਿਤਾਂ ਭੇਜਾਂਗੇ .... ਅਗਾਮੀ ਤੇ ਅਗ੍ਰਗਾਮੀ ਅੰਕਾਂ 'ਚ ਛਾਪਦੇ ਰਹਿਣਾ ... ਪਰ ਜੀ ਕਵਿਤਾ ਖਾਲਿਸਤਾਨ ਦੇ ਪੱਖ 'ਚ ਹੋਵੇ ਜਾਂ ਉਲਟ 'ਚ?"

"ਮਜਮੂਨ, ਕਵੀ ਜੀ ਤੁਹਾਡੀ ਮਰਜ਼ੀ ਦਾ", ਅਸੀਂ ਫਰਮਾਇਆ, "ਵੈਸੇ ਦਸਤਕ ਦਾ ਖਾਲਸਤਾਨ ਨਾਲ ਕੋਈ ਸਿੱਧਾ ਸਬੰਧ ਨਹੀਂ!"

"ਹੱਛਾ, ਹੱਛਾ ... ਇਹਦਾ ਮਤਲਬ ਤੁਸੀਂ ਖਾਲਿਸਤਾਨੀ — ਵਿਰੋਧੀ ਹੀ ਹੋਏ .... ਵੈਸੇ ਖਾਲਿਸਤਾਨੀ ਬਣ ਜਾਂਦੇ ਤਾਂ ਵਧੀਆ ਰਹਿੰਦਾ .... ਗੁਰਦੁਆਰਿਆਂ ਦੇ ਇਸ਼ਤਿਹਾਰ, ਖੁੰਭਾਂ ਵਾਂਗ ਉਠੀਆਂ ਅਨੇਕਾਂ ਜਥੇਬੰਦੀਆਂ ਦੇ ਪੈਗਾਮ ਛਾਪਣ ਦੇ ਪੈਸੇ .... ਥੁਹਾਨੂੰ ਦੇਸ਼-ਭਗਤ ਦਾ ਖਿਤਾਬ!"

"ਧਰਤੀ ਦਾ ਵਿਅੰਗ" ਲਿਖਣ ਵਾਲੇ ਬਾਈ ਦਾ ਫੋਨ ਆਪ ਈ ਆ ਗੱਜਿਆ, "ਲਓ ਜੀ ਥੁਸੀਂ ਤਾਂ ਸਾਨੂੰ ਨੀਂ ਕੀਤਾ ਯਾਦ, ਪਰ ਥੋਨੂੰ ਅਸੀਂ ਭੁਲਣ ਵਾਲੇ ਦਿਨ ਨੀ ਜੰਮੇ .... ਆਪਾਂ ਥੋਨੂੰ ਸੀਰੀਅਲ ਭੇਜਣ ਲਗ ਜਾਣਾ... ਟੀ. ਵੀ. -ਬਕੜ-ਸਥਾਨ .... ਸਾਨੂੰ ਪੂਰੀ 'ਮੀਦ ਹੈਗੀ ਆ ਕਿ ਸਾਡਾ ਵਿਅੰਗ ਪਾਠਕਾਂ 'ਚ ਵਹਿਜਾ-ਵਹਿਜਾ ਕਰਾਦੂ ਤੇ ਥੋਡੀ ਦਸਤਕ ਨੂੰ ਚਾਰ ਚੰਨ ਲਾਦੂ ..... ਪ. ਸ. — ਸਾਡੀਆਂ ਖੜ੍ਹੀਆਂ ਮੁਛਾਂ ਵਾਲੀ ਫੋਟੋ ਛਾਪਣਾ ਕਦੇ ਨੀ ਭੁਲਣਾ!"

ਬਾਕੀ ਪੰਨਾ 12 ਤੇ

ਬੀਤੇ 'ਤੇ ਝਾਤ



ਉੱਜਲ ਦੁਸਾਂਝ

ਮੈਂ ਇਹ ਚਾਰ ਸਤਰਾਂ 26 ਮਾਰਚ, 1986 ਵਾਲੇ ਦਿਨ ਲਿਖ ਰਿਹਾ ਹਾਂ। ਇਸ ਦਿਨ ਦੀ ਕੋਈ ਖਾਸ ਮਹੱਤਤਾ ਨਹੀਂ — ਬਾਕੀ ਸਧਾਰਨ ਦਿਨਾਂ ਵਰਗਾ ਦਿਨ ਹੀ ਹੈ। ਪਰ ਪਿਛਲੇ ਦੋ ਸਾਲ ਦੇ ਭੈੜੇ ਦੌਰ 'ਚੋਂ ਦੀ ਗੁਜ਼ਰਦੇ ਹੋਏ ਇਹ ਮਹਿਸੂਸ ਹੁੰਦਾ ਸੀ ਕਿ ਸ਼ਾਇਦ ਹੁਣ ਕਮਿਊਨਿਟੀ 'ਚ ਕਦੇ ਸ਼ਾਂਤੀ ਨਾ ਹੋਵੇ। ਸਾਡਾ ਭਾਰਤੀਆਂ ਦਾ — ਕੈਨੇਡਾ ਵਿਚ ਵਾਕਾਰ ਬਹੁਤ ਹੀ ਗਿਰਦਾ ਜਾ ਰਿਹਾ ਸੀ। ਆਏ ਦਿਨ ਕੋਈ ਨਾ ਕੋਈ ਵਾਰਦਾਤ ਹੋਈ ਰਹਿੰਦੀ ਸੀ। ਸਾਡੇ ਧਾਰਮਿਕ ਸੰਸਥਾਵਾਂ ਦੇ ਲੀਡਰਾਂ ਨੇ ਨਫਰਤ ਅਤੇ ਗੁੱਸੇ ਦੀ ਹਨ੍ਹੇਰੀ ਅੱਗੇ ਮੱਥੇ ਟੇਕ ਦਿੱਤੇ ਸਨ ਲੋਕਾਂ ਨੂੰ ਆਪਸੀ ਪਿਆਰ, ਬਹਿਸ ਦਾ ਮਾਦਾ ਅਤੇ ਤਿੱਖੀ ਸੋਚਣੀ ਵਲ ਲੈਜਾਣ ਦੀ ਬਜਾਇ ਅਗਿਆਨਤਾ, ਫਿਰਕਾਪ੍ਰਸਤੀ ਅਤੇ ਝੂਠ ਦੀ ਭੱਠੀ ਵਿਚ ਝੋਕਿਆ ਜਾ ਰਿਹਾ ਸੀ।

ਅਸੀਂ ਸਾਰੇ ਹੀ ਇਸ ਗੱਲ ਤੇ ਸਹਿਮਤ ਸਾਂ ਕਿ ਭਾਰਤ ਵਿਚ ਕੁਝ ਸਰਕਾਰੀ ਅਤੇ ਕੁਝ ਗੈਰ ਸਰਕਾਰੀ ਅੰਸ਼ਾਂ ਵਲੋਂ ਵੱਖਰੇ ਵੱਖਰੇ ਕੌਮ ਪ੍ਰਸਤੀ ਅਤੇ ਧਰਮ-ਪ੍ਰਸਤੀ ਆਦਿ ਦੇ ਬੁਰਕੇ ਪਾ ਕੇ ਸਧਾਰਨ ਲੋਕਾਂ ਦਾ ਜੀਣਾ ਹਰਾਮ ਕੀਤਾ ਜਾ ਰਿਹਾ ਸੀ। ਸਾਡੇ ਵਿਚਕਾਰ ਬਹਿਸ ਅਤੇ ਵੰਡ ਇਸ ਆਧਾਰ ਤੇ ਸੀ ਕਿ ਇਸ ਦੇ ਹੱਲ ਤੇ ਅਸੀਂ ਸਾਰੇ ਸਹਿਮਤ ਨਹੀਂ ਸਾਂ। ਕੁਝ ਫਿਰਕਾਪ੍ਰਸਤਾਂ ਵਲੋਂ ਅਤਿਵਾਦ ਅਤੇ ਵੱਖਵਾਦ ਦੇ ਨਾਹਰਿਆਂ ਰਾਹੀਂ ਹੱਲ ਪੇਸ਼ ਕੀਤਾ ਜਾ ਰਿਹਾ ਸੀ। ਕੁਝ ਲੋਕ ਇਹ ਕਹਿ ਰਹੇ ਸਨ (ਅਤੇ ਮੈਂ ਭੀ ਕਹਿ ਰਿਹਾ ਸੀ) ਕਿ ਇਸ ਸਾਰੇ ਮਸਲੇ ਅਤੇ ਤਕਲੀਫ ਦਾ ਹੱਲ ਅਤਿਵਾਦ ਅਤੇ ਵੱਖਵਾਦ ਨਹੀਂ ਬਲਕਿ ਵਿਚਾਰ ਵਟਾਂਦਰੇ ਰਾਹੀਂ ਫੈਸਲਾ ਹੈ। ਤਕਰੀਬਨ ਹਰ ਆਵਾਜ਼ ਨੇ ਸਰਕਾਰ ਨੂੰ ਗਲਤ ਕਿਹਾ। ਮੇਰੇ ਭੀ ਇਸ ਵਾਰੇ ਅਣਗਿਣਤ ਲੇਖ ਪੰਜਾਬੀ ਦੇ ਪਰਚਿਆਂ 'ਚ ਛਪੇ। ਪਰ ਉਸ ਵੇਲੇ ਫਿਰਕਾਪ੍ਰਸਤੀ ਨਾਲ ਬਹੁਤ ਅੱਖਾਂ ਪੁਰ ਪੱਟੀ ਬੰਨੀ ਜਾ ਚੁੱਕੀ ਸੀ ਅਤੇ ਕੰਨਾਂ 'ਚ ਨਫਰਤ ਦਾ ਰੌਲਾ ਸੀ — ਕਿਸੇ ਨੇ ਉਹ ਲਿਖਤਾਂ ਪੜ੍ਹੀਆਂ ਅਤੇ ਵਿਚਾਰੀਆਂ ਨਹੀਂ। ਨਾਲ ਹੀ ਮੈਂ ਬਾਕੀ ਅਗਾਂਹ ਵਧੂ ਲੋਕਾਂ ਵਾਂਗ, ਅਤਿਵਾਦ ਅਤੇ ਵੱਖਵਾਦ ਨੂੰ ਨਿਰਸੰਦੇਹ ਨਿੰਦਿਆ। ਕਈ ਦਫਾ ਗਰਮ ਸ਼ਬਦ ਭੀ ਬੋਲੇ। ਅੱਜ ਭੀ ਵੱਖਵਾਦੀ ਜ਼ਹਿਰ ਅਤੇ ਅਤਿਵਾਦੀ ਭੈਅ ਦੇ ਖਿਲਾਫ ਅਸੀਂ ਡਟਕੇ ਖੜੇ ਹਾਂ। ਕਿਸੇ ਭੀ ਵਿਅਕਤੀ ਨੂੰ ਇਸ ਵਾਰੇ ਕੋਈ ਸ਼ੱਕ ਨਹੀਂ ਰਹਿਣਾ ਚਾਹੀਦਾ। ਅਤੇ ਭਾਰਤ ਸਰਕਾਰ ਦੇ ਗਲਤ ਕੰਮਾਂ ਨੂੰ ਅੱਜ ਭੀ ਗਲਤ ਕਹਿੰਦੇ ਹਾਂ — ਅੱਗੇ ਭੀ ਕਹਿੰਦੇ ਸੀ। ਕਈ ਵਾਰੀ ਤਾਂ ਇੰਜ ਲਗਦਾ ਹੈ ਕਿ ਵਿਚੋਂ ਵਿਚੋਂ ਭਾਰਤ ਸਰ ਕਾਰ ਦੀ ਫਿਰਕਾਪ੍ਰਸਤਾਂ ਅਤੇ ਇਸ ਤਰ੍ਹਾਂ ਦੀਆਂ ਹੋਰ ਨੁਕਸਾਨਦੇਹ ਤਾਕਤਾਂ ਨਾਲ ਯਾਰੀ ਹੈ। ਮੇਰਾ ਇਸ਼ਾਰਾ ਆਰਿਫ ਖਾਨ ਦੇ ਕੇਂਦਰੀ ਕੈਬਨਿਟ ਚੋਂ ਅਸਤੀਫੇ ਤੋਂ ਹੈ। ਉਹ ਅਗਾਂਹਵਧੂ ਵਿਚਾਰਾਂ ਦਾ ਵਿਅਕਤੀ ਮੁਸਲਿਮ ਫਿਰਕਾਪ੍ਰਸਤੀ ਦੇ ਖਿਲਾਫ ਡਟਿਆ। ਕਾਂਗਰਸ ਨੇ ਉਸ ਦੀ ਪਿੱਠ 'ਚ ਛੁਰਾ ਮਾਰਿਆ। ਕਾਂਗਰਸ ਨੇ ਮੁਸਲਿਮ ਲੀਗੀ ਵਿਚਾਰਾਂ ਨੂੰ ਪ੍ਰਤੀਨਿਧ ਮੰਨ ਕੇ ਕੱਟੜਵਾਦ ਨਾਲ ਫੈਸਲਾ ਕਰ ਲਿਆ। ਇਸੇ ਤਰ੍ਹਾਂ ਕੈਨੇਡਾ ਵਿਚਲੀ ਭਾਰਤੀ ਕਮਿਊਨਿਟੀ 'ਚ ਭੀ ਉਹ ਵਿਅਕਤੀ ਜਿਹੜੇ ਅਗਾਂਹਵਧੂ ਆਵਾਜ਼ਾਂ ਨੂੰ ਨਿੰਦਦੇ ਆਏ ਹਨ — ਪੇਪਰਾਂ ਰਾਹੀਂ ਜੋ ਹੋਰ ਸਾਧਨਾਂ ਰਾਹੀਂ ਭੀ — ਉਹ ਅੱਜ ਭਾਰਤ ਦੇ ਸਰਕਾਰੀ ਕਰਿੰਦਿਆਂ ਨਾਲ ਦੋਸਤੀਆਂ ਪਾ ਕੇ ਅਤਿਵਾਦੀ ਤਾਕਤਾਂ ਅਤੇ ਵੱਖਵਾਦੀ ਵਿਅਕਤੀਆਂ ਵਲੋਂ ਸਰਕਾਰੀ ਕਰਿੰਦਿਆਂ ਨਾਲ ਤਾਲਮੇਲ ਕਰਾ ਕੇ ਵਿਚੋਲਗਿਰੀ ਕਰਨ ਦੇ ਇੱਛਕ ਹਨ। ਉਹ ਵਿਅਕਤੀ, ਅਤਿਵਾਦੀ ਅਤੇ ਵੱਖਵਾਦੀ — ਜੋ ਆਪਣੇ ਆਪ ਨੂੰ ਫੰਨੇ ਖਾਂਹ ਖਾਲਿਸਤਾਨੀ ਲੀਡਰ ਦੇ ਤੌਰ ਤੇ ਪੇਸ਼ ਕਰਦੇ ਹੁੰਦੇ ਸਨ ਉਹ ਅੱਜ ਸਰਕਾਰ ਦੇ ਉਚ ਅਧਿਕਾਰੀਆਂ ਨਾਲ ਮੀਟਿੰਗਾਂ ਕਰਨ ਦੇ ਆਹਿਰ ਵਿਚ ਹਨ। ਅਸੀਂ ਤਾਂ ਅੱਗੇ ਹੀ ਕਹਿੰਦੇ ਸਾਂ ਕਿ ਇਹ "ਬਦੇਸ਼ੀ ਡਬਲ ਏਜੰਟ" ਸਾਡੀ ਕਮਿਊਨਿਟੀ ਨੂੰ ਕੈਨੇਡਾ ਕੀ, ਦੁਨੀਆਂ ਭਰ 'ਚ ਬਦਨਾਮ ਕਰਵਾ ਕੇ ਵਿਦੇਸ਼ੀ ਤਾਕਤਾਂ ਕੋਲ ਵਿਕ ਰਹੇ ਹਨ ਅਤੇ ਸਧਾਰਨ ਲੋਕਾਂ ਦੀਆਂ ਦੁਖੀ ਭਾਵਨਾਵਾਂ ਤੋਂ ਫਾਇਦਾ ਉਠਾ ਕੇ ਮਾਇਆ ਦੇ ਗੱਫੇ ਭੀ ਲਗਾ ਰਹੇ ਹਨ।

ਅੱਜ ਕੱਲ ਇਹ ਲੋਕ ਜਿਨ੍ਹਾਂ ਵਿਚ ਕਈ ਅੰਗਰੇਜ਼ੀ ਦੇ "ਆਜ਼ਾਦ ਪੱਤਰਕਾਰ" ਅਤੇ "ਖੁਲ੍ਹ ਬੋਲੇ ਖਾਲਿਸਤਾਨੀ" outspoken Khalistanie) ਲੀਡਰ ਸ਼ਾਮਲ ਹਨ — ਆਪਣੇ ਸਰਕਾਰੀ ਮਾਲਕਾਂ ਕੋਲ ਗੋਡੇ ਟੇਕ ਰਹੇ ਹਨ। ਇਹ ਕਹਿ ਰਹੇ ਹਨ ਕਿ ਜੋ ਉਹਨਾਂ ਨੇ ਪਿਛਲੇ ਦੋ ਸਾਲ 'ਚ ਗੰਦ ਉਛਾਲਿਆ ਹੈ ਉਹ ਸਿਰਫ ਇਕ ਬੇਸਮਝੀ ਸੀ। ਇਹ ਲੋਕਾਂ 'ਚ ਕਿਉਂ ਨਹੀਂ ਬੋਲਦੇ। ਲੋਕਾਂ 'ਚ ਅਜੇ ਭੀ "ਆਜ਼ਾਦ ਪੱਤਰਕਾਰ" ਹੀ ਹਨ ਅਤੇ "ਨਿਧੜਕ ਖਾਲਿਸਤਾਨੀ" ਅਤੇ ਅਸਲੀਅਤ ਵਿਚ ਹਨ ਵਖਵਾਦੀ ਅਤੇ ਅਤਿਵਾਦੀ ਭੈਅ ਦੇ ਸੁਦਾਗਰ ਇਕ ਪਾਸੇ, ਅਤੇ ਦੂਜੇ ਪਾਸੇ ਸਰਕਾਰੀ ਏਜੰਟ — ਸੋ ਹੋਏ ਫਿਰ ਡਬਲ ਏਜੰਟ। ਇਸ ਤੋਂ ਇਹ ਹੀ ਸਾਬਤ ਹੁੰਦਾ ਹੈ ਕਿ ਇਹ ਲੋਕ-ਵਿਰੋਧੀ ਤਾਕਤਾਂ, ਕੱਟੜਵਾਦ ਦੇ ਪੜਦੇ 'ਚ ਉਸ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਮੁਹਿੰਮ ਦਾ ਹਿੱਸਾ ਹਨ ਜਿਸ ਰਾਹੀਂ ਸਾਡੀ ਸਾਰੀ ਕਮਿਊਨਿਟੀ ਨੂੰ ਦੋਫਾੜ ਕੀਤਾ ਜਾ ਰਿਹਾ ਹੈ ਅਤੇ ਭਾਰਤ ਦੇ ਟੋਟੇ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਾਹਰਲੇ ਮੁਲਕਾਂ 'ਚ ਸਾਡੀ ਇਜ਼ਤ ਤੇ ਸੱਟ ਪਈ ਹੈ। ਅਸੀਂ ਅੱਜ ਪੈਂਟ ਹਾਊਸ ਵਰਗੇ ਨੀਵੇਂ ਪੱਧਰ ਦੇ ਪਰਚੇ ਵਿਚ ਪਹੁੰਚ ਗਏ ਹਾਂ। ਅਸਮਾਨਾਂ ਦੀ ਬੁਲੰਦੀ ਤੋਂ ਜ਼ਿੱਲਤ ਦੇ ਖੂਹ 'ਚ। ਇਸ ਵਿਚ ਬਹੁਤਾ ਕਸੂਰ ਹੈ ਉਹਨਾਂ ਖਾਲਿਸਤਾਨੀ ਖੜਪੰਚਾਂ ਦਾ, ਨਾਹਰੇਬਾਜ਼ਾਂ ਦਾ, ਢਕੌਂਜੀਆਂ ਦਾ ਜਿਹਨਾਂ ਨੇ ਸਾਡੇ ਬਹੁਤ ਕਹਿਣ ਪੁਰ ਭੀ ਆਪਣਾ "ਸਿਰ ਤਲੀ" ਤੋਂ ਨਹੀਂ ਚੁੱਕਿਆ ਤਾਂ ਕਿ ਮੋਢਿਆਂ ਤੇ ਸਿਰ ਆ ਕੇ ਸ਼ਾਇਦ ਕੋਈ ਅਕਲ ਦਾ ਕੰਮ ਹੀ ਨਾ ਹੋ ਜਾਵੇ। ਇਸ ਸਾਰੇ ਕੰਮ ਨੂੰ ਹੱਲਾ ਸ਼ੇਰੀ ਬਦੇਸ਼ੀ ਤਾਕਤਾਂ ਅਤੇ ਭਾਰਤ ਸਰਕਾਰ ਦੀ ਫਿਰਕਾਪ੍ਰਸਤੀ ਨੇ ਦਿੱਤੀ। ਨੁਕਸਾਨ ਹੋਇਆ ਭਾਰਤੀਆਂ ਦਾ ਭਾਰਤ 'ਚ ਅਤੇ ਬਾਹਰ।

ਹਾਂ ਸੱਚ, ਗੱਲ ਕਰ ਰਹੇ ਸਾਂ — 26 ਮਾਰਚ ਦੇ ਦਿਨ ਦੀ ਮਹੱਤਤਾ ਦੀ। ਪਿਛਲੇ ਦੋ ਮਹੀਨੇ ਤੋਂ ਕਮਿਊਨਿਟੀ ਵਿਚ ਸ਼ਾਂਤੀ ਹੈ — ਸਾਡੀ ਕਾਮਨਾ ਹੈ ਕਿ ਇਹ ਇਸੇ ਤਰ੍ਹਾਂ ਬਣੀ ਰਹੇ। ਅੰਤਲੀ ਘਟਨਾ 26 ਜਨਵਰੀ 1986 ਨੂੰ ਹੋਈ ਸੀ — ਜਿਸ ਨਾਲ ਬੰਬ ਅਤੇ ਵੱਖਵਾਦ ਫਿਰ ਸਾਡੀ ਕਮਿਊਨਿਟੀ ਦੇ ਨਾਮ ਨਾਲ ਜੁੜੇ ਸਨ। ਉਸ ਤੋਂ ਬਾਅਦ ਅੱਜ 26 ਮਾਰਚ ਤੱਕ ਸ਼ਾਂਤੀ ਰਹੀ ਹੈ। ਬਹੁਤ ਚੰਗਾ ਹੈ। ਇਥੇ ਕਮਿਊਨਿਟੀ ਦੇ ਕੰਮ ਬਹੁਤ ਕਰਨ ਵਾਲੇ ਹਨ। ਉਹਨਾਂ ਵਲ ਧਿਆਨ ਦਿਓ। ਕਮਿਊਨਿਟੀ ਦੇ ਵਾਕਾਰ ਨੂੰ ਆਓ ਦੁਬਾਰਾ ਬਹਾਲ ਕਰੀਏ। ਨੁਕਤਾਚੀਨੀ ਕਰੋ — ਏਕਾ ਕਰਨ ਲਈ। ਗਲਤੀਆਂ ਨਿੰਦੋ — ਸੁਧਾਰ ਲਈ। ਨਫਰਤ ਨੂੰ ਛੱਡੋ — ਪਿਆਰ ਲਈ। ਤਸ਼ੱਦਦ ਹੈ ਤਾਂ ਉਸਦੇ ਖਿਲਾਫ ਲੜੋ — ਪਰ ਨਫਰਤ ਅਤੇ ਵੱਖਵਾਦ ਦਾ ਬੁਰਕਾ ਪਾ ਕੇ ਨਹੀਂ — ਇਨਸਾਨੀਅਤ, ਬਰਾਬਰੀ ਅਤੇ ਆਜ਼ਾਦੀ ਦਾ ਪਰਚਾਰ ਕਰਕੇ। ਭਾਰਤ ਵਿਚ ਮਸਲਾ ਰੋਟੀ, ਵੱਢੀ ਅਤੇ ਅਫਸਰਸ਼ਾਹੀ ਦਾ ਹੈ। ਉਸ ਦਾ ਜਵਾਬ (ਹੱਲ) ਵੱਖਵਾਦ ਜਾਂ ਅਤਿਵਾਦ ਨਹੀਂ। ਕੈਨੇਡਾ 'ਚ ਮਸਲਾ ਸਾਡੇ ਲਈ — ਬੇਰੁਜ਼ਗਾਰੀ, ਵਿਤਕਰੇ, ਅੰਗਰੇਜ਼ੀ ਅਤੇ ਕਿੱਤਿਆਂ ਦੀ ਸਿਖਲਾਈ ਆਦਿ ਦਾ ਹੈ — ਇਸ ਦਾ ਜਵਾਬ ਜਾਂ ਹੱਲ ਗੁਰਦੁਆਰਿਆਂ ਜਾਂ ਮੰਦਰਾਂ ਦੀਆਂ ਚੌਧਰਾਂ 'ਚ ਨਹੀਂ। ਮੰਦਰਾਂ ਜਾਂ ਗੁਰਦੁਆਰਿਆਂ 'ਚ ਧਰਮ ਅਤੇ ਧਾਰਮਿਕ ਮਸਲਿਆਂ ਬਾਰੇ ਵਿਚਾਰ ਹੋਣ। ਪਰ ਬਾਕੀ ਮਸਲੇ ਸਾਡੇ ਸਮਾਜਕ, ਸਿਆਸੀ ਅਤੇ ਆਰਥਿਕ ਹਨ — ਉਹਨਾਂ ਦਾ ਹੱਲ ਅਸੀਂ ਧਰਮ-ਨਿਰਪੱਖ ਪੱਧਰ ਪੁਰ ਇਕੱਠੇ ਹੋ ਕੇ, ਬਾਕੀ ਕੈਨੇਡੀਅਨ ਲੋਕਾਂ ਨਾਲ ਰਲ ਕੇ ਹੀ ਕਰ ਸਕਦੇ ਹਾਂ।

ਪੰਨਾ 11 ਦੀ ਬਾਕੀ

ਦਸਤਕ ਨੂੰ ਇਸ਼ਤਿਹਾਰ ਲਈ ਇਕ ਕੱਪੜੇ ਦੀ ਦੁਕਾਨ ਤੇ ਦਸਤਕ ਦੇਣੀ ਪਈ।

"ਹੀ ... ਹੀ ... ਬੋਲੋ ਜੀ .... ਤੁਆਡੇ ਲਈ, ਭੈਣ ਜੀ ਲਈ, — ਜਾਂ ਬੇਬੀ ਲਈ ਕੱਪੜੇ ਚਾਹੀਦੇ ਨੇ !" ਦੁਕਾਨਦਾਰ ਜੀ ਹਥ ਮਲਦੇ ਮੁਖਾਤਿਬ ਹੋਏ।

"ਅਸਲ 'ਚ ਜੀ .... !"

"ਅਸ਼ਲ ਫਸ਼ਲ ਦੀ ਗੱਲ ਛੱਡੋ... ਆਅ ਵੇਖੋ .... ਜਪਾਨੀ ਕੱਪੜਾ .... ਉਣੇ ਉਣੇ ਮੈਂ ਟੂਰ ਤੋਂ ਆਇਆਂ .... ਸਲੈਕਸ਼ਨ ਦੇਖਕੇ ਦੰਗ ਓਜਾਂਗੇ !"

"ਦੇਖੋ ਜੀ ... ਮੇਰਾ ਨਾਮ ਹਰਭਜਨ ਹਾਂਸ ਹੈ... ਤੁਸੀਂ ਮੇਰਾ ਨਾਂ ਤੇ ਸੁਣਿਆ ਹੋਏਗਾ ?"

"ਅਰਭਜਨ ਹਾਂਸ !" ਮੂੰਹ 'ਚ ਪੰਜੇ ਉਂਗਲਾਂ ਪਾ ਕੇ ਟੁਕਣ ਲਗ ਪਿਆ ਉਹ, ਥੁਆਡਾ ਅਸਾਬ-ਕਿਤਾਬ ਤਾਂ ਨੀਂ ਚਲਦਾ ਸਾਡੇ ਨਾਲ ... ਗੀਤਾ ! ਆਹ ਐਖੀਂ ਕੇਰਾਂ ... ਆਸਾਂ ਵੱਲ ਕੀ ਬਕਾਇਆ ਹੈਅ ?

"ਓਹ ... ਹੋ .... ਤੁਹਾਨੂੰ ਗਲਤੀ ਲੱਗ ਰਹੀ ਹੈ ... ਮੈਂ ਕਹਾਣੀਆਂ ਵਾਲਾ ਹਾਂਸ ਹਾਂ ... ਮੈਂ ਇਕ ਰਸਾਲਾ ਕੱਢ ਰਿਹਾ ਹਾਂ ਜੀ .... ।"

"ਰਸਾਲਾ ਕੱਢ ਰਏ ਓਂ ?" ਅੱਖਾਂ ਪੂੰਝਦਾ ਉਹ ਬੋਲਿਆ, "ਅੱਛਾ ... ਅੱਛਾ... ਮੈਂ ਸਮਝਿਆ ਕਿਤੇ ਮੇਨ ਤੇ ਕੱਪੜੇ ਦਾ ਸਟੋਰ ਖੋਲਣ ਲਗੇ ਓਂ .... ਜੰਮ-ਜੰਮ ਕਢੋ ਰਸਾਲੇ ਜੀ .... ਮੇਰੀ ਸਕੀਮ ਮੰਨਦੇ ਓਂ ਤਾਂ ਨਾ ਈ ਕੱਢੋ .... ਅੱਗੇ ਈ ਏਨਾਂ ਦਾ ਮੀਂਹ ਪਿਆ ਪਿਆ !"

"ਅੱਛੇ ਸਾਹਿਤਕ ਤੇ ਸਭਿਆਚਾਰਕ ਰਸਾਲੇ ਦੀ ਇਥੇ ਬੜੀ ਕਮੀ ਮਹਿਸੂਸ ਕੀਤੀ ਜਾ ਰਹੀ ਹੈ !"

"ਹੀ ... ਹੀ.... ਰਸਾਲੇ ਦੀ ਕਮੀ ?" ਠਹਾਕਾ ਮਾਰਕੇ ਉਹ ਹੱਸਿਆ", ਕਮੀ ਤਾਂ ਇਥੇ ਜੀ ਬੰਦਿਆਂ ਨੂੰ ਜੌਬਾਂ ਦੀ ਤੇ ਜਨਾਨੀਆਂ ਨੂੰ ਜਪਾਨੀ ਸੂਟਾਂ ਦੀ ਆ ... ਸੂਟਾਂ ਦੀ ਕਮੀ ਅਸੀਂ ਨੀ ਆਉਣ ਦਿੰਦੇ ... ਜੌਬਾਂ ਬਾਂਰੇ ਜਾਣੇ ਬਿੱਲ ਬੈਨਿਟ

"ਸਹੀ ਫਰਮਾਇਆ !" ਚਾਪਲੂਸੀ ਅੰਦਾਜ਼ 'ਚ ਅਸੀਂ ਬੋਲੇ, "ਲੋਕਾਂ ਤਾਈਂ ਤੁਹਾਡੇ ਸੂਟਾਂ ਦਾ ਪੈਗਾਮ ਪਹੁੰਚਾਣਾ ਹੀ ਸਾਡਾ ਮਨੋਰਥ ਹੈ .... ਅਸੀਂ ਐਡ ਲਈ ਬੇਨਤੀ ਕਰਨ ਵਾਸਤੇ ਹਾਜ਼ਰ ਹੋਏ ਆਂ !"

"ਐਡ ? .... ਹੀ ..... ਹੀ .... ਅਸਲ 'ਚ ਗੱਲ ਐਗੀ ਆ ਕਿ ਕੰਪੀਟੀਸ਼ਨ ਬੜ੍ਹਾ .... ਸੇਲ ਐਨੀ ..... ਇਸ਼ਤਿਹਾਰਾਂ ਲਈ ਪੈਸੇ ਕਿਥੇ ? ... ਤੇ ਫੇਰ ਸਾਡੇ ਕੋਲ ਸੰਘ-ਪਾੜ੍ਹ ਯੰਤਰ ਐਗਾ ਰੇਡੀਓ ਤੇ ਐਡਾਂ ਦੇਣ ਨੂੰ .... ਸਾਡਾ ਪੈਗਾਮ ਧੱਕੇ ਨਾਲ ਈ ਲੋਕਾਂ ਦੇ ਕੰਨਾਂ ਤੱਕ ਭੇਜ ਦਿੰਦਾ ....!" ਸਾਡੀ ਹੋਂਦ ਨੂੰ ਅੱਖੋਂ ਪਰੋਖੇ ਕਰਦਾ, ਹਥ ਮਲਦਾ ਉਹ ਹੋਰ ਗਾਹਕ ਵੱਲ ਅਕ੍ਰਸ਼ਤ ਹੋਇਆ, "ਹੀ ... ਹੀ... ਬੋਲੋ ਜੀ .... ਤੁਆਡੇ ਲਈ, ਭੈਣ ਜੀ ਲਈ .... !" ਚੁਪ-ਚਾਪ ਅਸੀਂ ਆਪਣੀ ਅਜਮਤ ਤੇ ਪਿਆ ਦੁਕਾਨਦਾਰ ਦੇ ਮੂੰਹ ਚੋਂ ਨਿਕਲਿਆ ਥੁਕ ਹਥ ਨਾਲ ਝਾੜਦੇ ਦੁਕਾਨੋਂ ਬਾਹਰ ਆ ਗਏ।

ਸਦਕੇ ਸਾਡੀਆਂ ਅਨਅੰਪਲਾਇਮੈਂਟ ਦੀਆਂ ਚਿਕਾਂ ਦੇ, ਸਦਕੇ ਕੁਝ ਦੋਸਤਾਂ ਦੀਆਂ ਜੇਬਾਂ 'ਚੋਂ ਸਾਡੀ ਜੇਬ ਤਕ ਸਫਰ ਕਰਕੇ ਆਏ ਕੁਝ ਡਾਲਰਾਂ ਦੇ, 'ਦਸਤਕ' ਬਜ਼ਾਰ 'ਚ ਆ ਗਿਆ। ਇਕ ਦੁਕਾਨਦਾਰ ਜੀ ਬੋਲੇ, "ਅਸੀਂ ਨਹੀਂ ਜੀ ਦਸਤਕ ਸਟੋਰ ਤੇ ਵੇਚਣ ਲਈ ਰਖ ਸਕਦੇ .... ਮੈਨੂੰ ਕਿਸੇ ਨੇ ਦੱਸਿਆ ਆ ਕਿ ਤੁਸੀਂ ਐਂਟੀ ਖਾਲਿਸਤਾਨੀ .... ਤੇ ਜੀ, ਜਝਾਰੂ ਸਿੰਘਾਂ ਨੇ ਸਣੇ ਦਸਤਕ ਸਾਨੂੰ ਵੀ ਸਟੋਰੋਂ ਬਾਹਰ ਮਾਰਨਾਂ, ਜਿਵੇਂ ਦੋਧਾਰੂਆਂ ਨੇ ਹਰਿਮੰਦਰ ਸਾਹਿਬ ਤੇ ਕਬਜ਼ਾ ਕਰਕੇ ਟੌਹੜੇ ਨੂੰ ਬਾਹਰ ਵਘਾ ਮਾਰਿਆ !"

ਸਾਹਿਤਕ ਦੋਸਤਾਂ ਨੇ ਕਵੀ-ਦਰਬਾਰ ਆਯੋਜਤ ਕਰਕੇ ਦਸਤਕ ਨੂੰ ਵੈਲਕਮ ਕਰਦਿਆਂ ਕਿਹਾ, "ਦਸਤਕ ਪੰਜਾਬੀ-ਸਾਹਿਤ-ਜਗਤ 'ਚ ਮੀਲ-ਪੱਥਰ ਹੈ .... ਹਾਂਸ ਨੇ ਚਿਰੋਕੀ ਲੋੜ ਪੂਰੀ ਕੀਤੀ ਹੈ .... ਕੈਨੇਡਾ 'ਚ ਮਰ ਰਹੀ ਸਾਡੀ ਮਾਂ-ਬੋਲੀ ਦੀ ਸਿਹਤ-ਯਾਫਤਾ ਲਈ ਦਸਤਕ ਸਰਜਣ ਸਿਧ ਹੋਏਗਾ !"

ਕੁਝ ਹੋਰ ਸਾਹਿਤਕ ਦੋਸਤ ਇਸ ਕਰਕੇ ਗੁਸੇ ਹੋ ਗਏ ਕਿ ਉਨ੍ਹਾਂ ਦੀਆਂ ਮਾਸਟਰ-ਪੀਸ਼ ਰਚਨਾਵਾਂ ਨੂੰ ਦਸਤਕ ਦੇ ਪਹਿਲੇ ਅੰਕ ਤੇ ਸਿਰਕਤ ਕਰਨ ਦੀ ਇਜਾਜ਼ਤ ਕਿਉਂ ਨਹੀਂ ਮਿਲੀ !"

'ਆਪਣੇ ਹੀ ਖਾਲਿਸਤਾਨ' ਦੇ ਪੈਰੋਕਾਰਾਂ ਨੇ ਸਾਨੂੰ ਕਾਂਗਰਸੀ ਏਜੰਟ, ਰਾਜੀਵ ਦਾ ਚਮਚਾ ਤੇ ਕੌਮ ਦੇ ਗਦਾਰ ਕਿਹਾ ਤੇ ਸਰਕਾਰੀ ਮਸ਼ੀਨਰੀ ਨੇ 'ਵਿਰੋਧੀ ਧਿਰ ਦਾ ਅਖਬਾਰ' ਕਹਿ ਕੇ 'ਦਸਤਕ' ਨੂੰ 'ਜਾਇਜ ਪੁਰ-ਇਸਤਕਬਾਲ' ਤੋਂ ਮਹਿਰੂਮ ਕਰ ਦਿੱਤਾ !

ਮਹੀਨੇ ਬਾਅਦ 'ਦਸਤਕ' ਨੇ ਫਿਰ ਬਜ਼ਾਰ 'ਚ ਆਉਣਾ ਸੀ। ਆਪਣੇ ਹੀ ਘਰ ਦੇ ਦਰਵਾਜੇ ਤੇ ਮੈਂ ਦਸਤਕ ਦੇ ਰਿਹਾ ਹਾਂ, ਪਤਨੀ ਕਹਿ ਰਹੀ ਹੈ, "ਸੁਣੋ ਜੀ ਉਹ ਸੜੇ-ਅਖਬਾਰ ਦੀ ਗੱਲ ਕਰਨੀ ਹੈ ਤਾਂ ਮੈਂ ਨਹੀਂ ਜੀ ਦਰਵਾਜਾ ਖੋਲਣਾ !"

"ਭਾਗਵਾਨੇ ! ਮੈਂ ਕੋਈ ਪ੍ਰੇਮ ਸਿੰਘ ਚੰਦੂਮਾਜਰਾ ਤਾਂ ਨਹੀਂ, ਬਈ ਬਰਨਾਲੇ ਕੋਲੋਂ ਬਾਦਲ ਲਈ ਮੁਖ ਮੰਤਰੀ ਦੀ ਕੁਰਸੀ ਦੀ ਮੰਗ ਕਰਲੂੰ .... ਆਖਰ ਮਹੀਨਾ ਚੜ੍ਹਨ ਵਾਲਾ .... ਦਸਤਕ ਨੂੰ ਬਜ਼ਾਰ 'ਚ ਪਹੁੰਚਾਣਾ ਤੇ ਹੈ ਹੀ ਨਾ !"

"ਕੋਈ ਲੋੜ ਨਹੀਂ ... ਗੌਰਮੈਂਟ ਚੈਕ ਰੋਟੀ ਨੂੰ ਦਿੰਦੀ ਆ, ਰਸਾਲਿਆਂ ਵਾਸਤੇ ਨਹੀਓਂ !"

"ਦੇਖੋ ਜੀ ਮੀਲ-ਪੱਥਰ ਸਾਬਤ ਹੋਇਆ ਸਾਡਾ ਦਸਤਕ, ਤੇ ਹੁਣ ਇਕ ਹੋਰ ...!"

"ਇਹ ਪੱਥਰ ਮਾਰ ਕੇ ਆਪਣਾ ਤੇ ਆਪਣੇ ਜੰਮਣ ਵਾਲਿਆਂ ਦਾ ਸਿਰ ਲਉ ਪਾੜ, ਤੇ ਆ ਜਿਓ ਅੰਦਰ .... ਚਾਰ ਦਿਨ ਲਹੂ ਵਗਣ ਕਰਕੇ ਬੇ-ਹੋਸ਼ ਤਾਂ ਲਿਟੇ ਰਹੋਂਗੇ ... ਘਰ ਨੂੰ ਤੇ ਮੈਨੂੰ ਕੁਝ ਚੈਨ ਮਿਲੂ !"

ਦਸਤਕ ਦਾ ਦਸਤਕ ਵਾਲਾ ਹੱਥ ਵੱਢਿਆ ਗਿਆ .... ਦਸਤਕ ਅਪਾਹਜ਼ ਹੋ ਗਿਆ। ਦਸਤਕ ਦੇ ਅਪਾਹਜ਼ ਹੋਣ ਬਾਰੇ ਬਿਆਨ-ਬਾਜ਼ੀਆਂ ਕੁਝ ਇਵੇਂ ਹੋਣਗੀਆਂ —

'ਸਰਕਾਰੀ ਸਾਜ਼ਸ਼ ਫੇਲ੍ਹ ... ਖਾਲਿਸਤਾਨ ਦੀ ਪ੍ਰਾਪਤੀ ਦੇ ਰਾਹ ਦਾ ਇਕ ਸਰਕਾਰੀ ਰੋੜ੍ਹਾ ਮੱਖਣ 'ਚੋਂ ਵਾਲ ਵਾਂਗ ਸੰਗਤਾਂ ਨੇ ਪਰ੍ਹੇ ਕਰ ਦਿੱਤਾ' — ਮਾਰਗ-ਦਰਸ਼ਕ ਅਖਬਾਰ ਦਾ ਕੁਚੱਜਾ ਸੰਪਾਦਕ !

"ਸਾਡੇ ਚੌਤੀ ਸੈਂਟਾਂ ਨਾਲ ਹੀ ਵੈਰ ਸੀ ... ਨਾਮ ਰਖ ਲਿਆ ਦਸ-ਤਕ ... ਪਹੁੰਚ ਨਹੀਂ ਹੋਇਆ ਦੋ ਤੱਕ..... ਅਖੋਂ ਅੰਨ੍ਹਾ, ਨਾ ਨੈਣ-ਸੁਖ !" ਲੇਖਕ ਭਾਈ ਕਵੀ ਦਰਬਾਰ 'ਚ ਚਰਚਾ ਕਰਦੇ ਸਮੇਂ !

'ਮੇਰੇ ਪੰਡਤ ਰੋੜਕਾ ਰਾਮ ਤੇ ਬਾਬਾ ਕੁਪ ਸਿਓਂ ਦਾ ਕੀ ਬਣੂ .... ਐਨੇ ਵਧੀਆ ਪਾਤਰ ..... ਪਾਠਕਾਂ 'ਚ ਬਹਿਜਾ - ਬਹਿਜਾ ਹੋਗੀ ... ਪਰ ਇਹ ਦਸਤਕ ਆਪ ਈ ਮੋਕ ਮਾਰ ਗਿਆ", "ਧਰਤੀ ਦਾ ਵਿਅੰਗ" ਰਚੇਤਾ !

ਸਵੇਰ ਦੇ ਭੁਲੱਕੜ ਸ਼ਾਮ ਨੂੰ ਧੌਲੇ-ਧੱਕੇ ਖਾ ਕੇ ਕਾਹਨ ਜੀ ਘਰੇ ਆਈ ਗਏ ... ਮੰਨ ਲੋ ਇਕ ਮਹੀਨੇ ਦੇ ਚੈਕ ਨਿਕਾਰਗੋਆ ਦੇ ਕ੍ਰਾਂਤੀਕਾਰੀਆਂ ਨੂੰ ਦਾਨ ਕਰਦੇ ਸਹੀ !" ਪਤਨੀ, ਸੰਪਾਦਕ 'ਦਸਤਕ' ਦੀ (ਖੁਦਾ, ਦਸਤਕ ਨੂੰ ਆਪਣੇ ਜੰਨਤ 'ਚ ਕਿਸੇ ਫਕੜ ਪੰਜਾਬੀ ਦੇ ਲੇਖਕ ਦੇ ਕੋਲ ਜਗ੍ਹਾ ਦਈਂ — ਅਮੀਨ !)

ਮੌਤ ਦਸਤਕ ਦੀ ਨਹੀਂ, ਮੌਤ ਮੇਰੇ ਪ੍ਰੋਜੈਕਟ ਦੀ ਵੀ ਨਹੀਂ ... ਮੌਤ ਇਕ ਸਭਿਆਚਾਰ ਦੀ ਹੋਈ ਹੈ, ਮੋਇਆ ਇਕ ਸਾਹਿਤ ਹੈ !" — ਸੰਪਾਦਕ, 'ਮਰਹੂਮ ਦਸਤਕ'!

ਚਾਰ ਵਰਕਿਆਂ ਦੇ ਰਸਾਲੇ ਨਾਲ ਕੋਈ ਸਾਹਿਤ ਨਹੀਂ ਜੰਮਦਾ ਤੇ ਨਾ ਉਹਦੇ ਬੰਦ ਹੋਣ ਤੇ ਉਸਦੀ ਮੌਤ। ਇਕ ਬੇ-ਰੁਜ਼ਗਾਰੀ ਹੱਥੋਂ ਤੰਗ ਬੰਦੇ ਨੇ ਸੋਚਿਆ ਕਿ ਜੇ ਪੂਰੀ ਪੈਂਤੀ ਤੇ ਛੱਬੀ ਨਾ ਜਾਨਣ ਵਾਲੇ ਸੰਪਾਦਕ ਬਣ ਸਕਦੇ ਨੇ, ਪ੍ਰੈਸਾਂ ਦੇ ਮਾਲਕ ਬਣ ਸਕਦੇ ਨੇ, ਤਿੰਨ-ਤਿੰਨ ਲੱਖ ਦੇ ਘਰ ਲੈ ਸਕਦੇ ਨੇ, ਤਾਂ ਵਗਦੀ ਗੰਗਾ 'ਚ ਹੱਥ ਕਿਉਂ ਨਾ ਧੋਤੇ ਜਾਣ ! ਪਰ ਹੁਣ ... ਹੁਣ ਵਿਚਾਰਾ ਬੱਕਰੀ ਦੇ ਪਾਣੀ 'ਚ ਭਿੱਜਣ ਵਾਂਗ ਲੂੰਅ ਕੰਡਿਆਈ ਫਿਰਦਾ ! — ਯਥਾਰਥਵਾਦੀ ਯਾਣੀ ਕਿ ਰੀਐਲੇਸਟਿਕ !

ਨਾਜ਼ਰ ਸਿੰਘ 'ਤਰਸ'

ਬੰਦਾ ਆਪਣੇ ਆਪ ਵਿਚ ਬਣਿਆ ਫਿਰੇ ਚਲਾਕ।
ਕਿੱਥੇ ਗਈ ਮਨੁੱਖਤਾ ਕਿਧਰ ਗਿਆ ਇਖ਼ਲਾਕ।

ਅੱਜ ਖ਼ਬਰੇ ਕਿੱਥੇ ਜਾ ਰਹੀ ਹਰ ਬੰਦੇ ਦੀ ਸੋਚ ?
ਸੀਣੇ ਦੀ ਥਾਂ ਹੋ ਰਹੇ ਸੀਨੇ ਸਗੋਂ ਹੈ ਚਾਕ।

ਅਬਲਾ, ਮਾੜੇ ਦੀ ਨਹੀਂ ਇੱਜ਼ਤ ਕਿਤੇ ਮਹਿਫ਼ੂਜ਼।
ਕਿਧਰੇ ਜ਼ੋਰਾ ਜ਼ਰਬੀਆਂ ਹੁੰਦੇ ਕਿਤੇ ਤਲਾਕ।

ਅੱਜ ਦੁਨੀਆਂ ਅੰਦਰ ਹੋ ਰਹੀ ਬੇਰਹਿਮੀ ਦੀ ਹੱਦ ?
ਗ਼ਰੀਬ ਦੀ ਮਦਦ ਦੀ ਜਗ੍ਹਾ ਹੁੰਦੇ ਉਲਟ ਮਜ਼ਾਕ।

ਅੱਜ ਰੋਮ ਰੋਮ ਦੇ ਵਿਚ ਹੈ ਮਤਲਬ ਹੀ ਪਰਧਾਨ ?
ਮਤਲਬ ਦੇ ਸੁਤ ਮਾਤ-ਪਿਤ, ਮਤਲਬ ਦੇ ਅੰਗ ਸਾਕ।

ਅੱਜ ਏਕਾ ਹਿੰਦਸਾ ਮਿਟ ਗਿਆ ਬਾਕੀ ਉਘੜੇ ਹੋਰ,
ਜਦ ਹਰਫ ਅਲਫ਼ ਹੀ ਨਾ ਰਿਹਾ ਰਹਿਣਾ ਕੀ ਇਤਫ਼ਾਕ।

'ਤਰਸ' ਹੈ ਸਿਖਿਆ ਜਿਨ੍ਹਾਂ ਨੇ ਦੇਸ਼ ਗ਼ਦਾਰੀ ਕਸਬ
ਭਲਾ ਦੇਸ਼ ਦਾ ਉਹਨਾਂ ਨੇ ਕਰਨਾ ਕੀ ਹੈ ਖ਼ਾਕ।

ਰਾਜ ਸਭਾ ਚੋਣਾਂ ਵਿਚ ਕਾਂਗਰਸੀਆਂ ਦਾ ਸਫਾਇਆ

ਨਵੀਂ ਦਿੱਲੀ — ਸੱਤ ਸੂਬਿਆਂ ਵਿਚ ਹੋਈਆਂ ਰਾਜ ਸਭਾ ਦੀਆਂ ਚੋਣਾਂ ਵਿਚ ਵਿਰੋਧੀ ਪਾਰਟੀਆਂ 19 ਸੀਟਾਂ ਵਿਚੋਂ 14 ਸੀਟਾਂ ਹਾਸਲ ਕਰਨ ਵਿਚ ਕਾਮਯਾਬ ਹੋ ਗਈਆਂ ਹਨ। 9 ਮਾਰਚ ਨੂੰ 13 ਮੈਂਬਰ ਸਰਬਸੰਮਤੀ ਨਾਲ ਚੁਣੇ ਗਏ ਸਨ। ਜਿਨ੍ਹਾਂ ਵਿਚੋਂ ਤਿੰਨ ਕਾਂਗਰਸ (ਆਈ) ਗ, ਤਿੰਨ ਜਨਤਾ ਪਾਰਟੀ, ਦੋ ਸੀ. ਪੀ. ਐਮ ਅਤੇ ਇਕ ਸੀਟ ਮੁਸਲਿਮ ਲੀਗ ਨੂੰ ਮਿਲੀ ਸੀ।

ਹੁਣ ਹੋਈਆਂ ਚੋਣਾਂ ਵਿਚ ਕਾਂਗਰਸ ਨੂੰ ਕੇਵਲ ਦੋ ਸੀਟਾਂ ਮਿਲੀਆਂ ਹਨ ਜਦ ਕਿ ਵਿਰੋਧੀ ਪਾਰਟੀਆਂ ਅੱਠ ਸੀਟਾਂ ਉਪਰ ਕਾਬਜ਼ ਹੋਈਆਂ ਹਨ। ਇਸ ਵੇਲੇ ਰਾਜ ਸਭਾ ਵਿਚ ਦੂਜੇ ਨੰਬਰ ਦੀ ਪਾਰਟੀ ਸੀ. ਪੀ. ਐਮ ਹੈ ਜਦ ਕਿ ਤੇਲਗੂ ਦੇਸਮ ਤੀਜੇ ਨੰਬਰ ਉਤੇ ਹੈ।

ਖ਼ੁਦਕਸ਼ੀ ਦੇ ਛਿਣ

ਤਰਲੋਕ ਮਨਸੂਰ

ਜਿਸ ਦਿਨ ਧਰਮ-ਗੁਰੂਆਂ ਨੇ,
ਪੁੰਨ-ਪਾਪ ਦੀ ਕਥਾ ਸਮਝਾਈ ਸੀ।
ਇਕ ਗੱਲ ਮੇਰੇ ਕੰਨਾਂ 'ਚ ਪਾਈ ਸੀ:
"ਜੀਵਨ ਦੇ ਅੰਤਮ-ਛੋਰ ਤੋਂ ਦੋ ਰਾਹ ਨਿਕਲਦੇ ਹਨ",
ਇਕ ਕੁੰਭੀ ਨਰਕ ਨੂੰ ਜਾਂਦਾ ਹੈ,
ਦੂਜਾ ਸੁਰਗ-ਦੁਆਰ ਨੂੰ।
ਇਕ ਅੱਗ ਦੀ ਦਹਿਕਦੀ ਝੀਲ ਵੱਲ,
ਦੂਜਾ ਮਹਿਕਾਂ ਭਰੀ ਗੁਲਜ਼ਾਰ ਨੂੰ।
ਇਕ ਰਾਹ 'ਤੇ ਬਿਛੂਆਂ ਦੇ ਡੰਗ ਵਿਛੇ ਹਨ,
ਦੂਜੇ ਰਾਹ 'ਤੇ ਰੰਗਾਂ ਦੀ ਬਰਸਾਤ ਹੋਵੇਗੀ।
ਡਰਾਉਣੇਂ ਦੈਂਤਾਂ ਦਾ ਇਕ ਰਾਹ 'ਤੇ ਮੇਲ ਹੋਵੇਗਾ,
ਦੂਜੇ ਰਾਹ 'ਤੇ ਪਰੀਆਂ ਦੀ ਜ਼ਾਤ ਹੋਵੇਗੀ।
ਪਹਿਲੇ ਰਾਹ 'ਤੇ ਵਿਸ਼ਟਾ ਦਾ ਸਾਗਰ ਆਵੇਗਾ,
ਉਹਨੂੰ ਲੰਘ ਕੇ ਪਰਲੇ ਪਾਰ ਜਾਣਾ ਹੈ।
ਦੂਜੇ ਰਾਹ 'ਤੇ ਵਿਛੀ ਚਾਨਣੀ ਵਿਚ ਨ੍ਹਾਕੇ,
ਏਸ ਜੀਅੜੇ ਨੇ ਪਰਮਪਦ ਪਾਣਾ ਹੈ।
ਅੱਜ ਖ਼ੁੱਦ-ਕਸ਼ੀ ਤੋਂ ਪਹਿਲਾਂ—
ਨੀਝ ਲਾ ਕੇ ਦੂਰ ਤੀਕਣ ਵੇਖਦੀ ਹੈ ਆਤਮਾ।
ਚਵੀਂ ਪਾਸੀਂ ਘੋਰ-ਘੁਪ ਹਨ੍ਹੇਰਾ ਹੈ।
ਕੋਈ ਵੀ ਰਾਹ ਨਜ਼ਰ ਆਉਂਦਾ ਨਹੀਂ।
ਕਿਧਰੇ ਵੀ, ਕੋਈ ਵੀ,
ਇਕ ਵੀ ਦੀਪਕ ਟਿਮਟਮਾਂਦਾ ਨਹੀਂ
ਕਿੱਥੇ ਕੁ ਤੀਕ ਪਸਰੀ ਹੈ ਇਹ ਸਿਆਹੀ?
ਇਸ ਹਨ੍ਹੇਰੇ ਤੋਂ ਪਰਾਂ ਦਿੱਸਦਾ ਹੋਰ ਨ੍ਹੇਰਾ ਹੈ।
ਜਿਸ ਉਜਲੇ ਰਾਹ ਦੀ ਪੰਡਤਾਂ ਨੇ ਦੱਸ ਪਾਈ ਸੀ,
ਉਹ ਵਾਦੀ ਕਿੱਥੇ ਹੈ, ਉਹ ਰਾਹ ਕਿਹੜਾ ਹੈ?
ਏਧਰ ਬੜੀ ਬੇ-ਕਿਰਕ ਦੁਨੀਆਂ ਹੈ,
ਓਧਰ ਅਗਿਆਤ-ਭੇਅ ਦਾ ਸੰਨਾਟਾ ਹੈ,
ਦੁਬਧਾ-ਗ੍ਰਸੀ, ਇਹ ਵਿਚਾਰੀ ਆਤਮਾ,
ਇਸ ਦੁਰਾਹੇ ਤੋਂ ਜਾਏ, ਤਾਂ ਕਿਧਰ ਜਾਏ?

o

ਤਿਰੇ ਦਰਦ ਤੋਂ ਅਜੇ ਤਕ, ਮਿਰੀ ਸੋਚ ਬੇਖਬਰ ਸੀ,
ਮੈਂ ਜੋ ਭੁੱਲਕੇ ਪੀ ਲਿਆ ਹੈ, ਉਸੇ ਜ਼ਹਿਰ ਦਾ ਅਸਰ ਸੀ।

ਪਤਿਤ ਕੌਣ ਹੈ?

ਮੇਹਰ ਸਿੰਘ ਸੰਧੂ ਵੈਨਕੂਵਰ

ਖਾਲਸਾ ਪੰਥ ਵਿਚ ਜੋ ਕੇਸਾਂ ਦੀ ਨਿਰਾਦਰੀ ਕਰਦਾ ਹੈ, ਉਸ ਨੂੰ ਪਤਿਤ ਕਿਹਾ ਜਾਂਦਾ ਹੈ।

ਪਰ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ —
ਨਾ ਸਤਿ ਮੂੰਡ ਮਡਾਈ ਕੇਸੀ
ਨਾ ਸਤਿ ਪੜਿਆ ਦੇਸ ਫਿਰਹਿ (952)

ਨਾ ਤਾਂ ਪ੍ਰਭੂ ਸਿਰ ਰੋਡ ਮੋਡ ਕਰਾਉਣ ਨਾਲ ਮਿਲਦਾ ਹੈ ਤੇ ਨਾ ਹੀ ਕੇਸ ਰਖਣ ਨਾਲ।

ਕਬੀਰ ਜੀ ਉਪਦੇਸ਼ ਕਰਦੇ ਹਨ —
ਕਬੀਰ ਪ੍ਰੀਤਿ ਇਕ ਸਿਉ ਕੀਏ ਆਨ ਦੁਬਿਧਾ ਜਾਇ।
ਭਾਵੈ ਲਾਬੇ ਕੇਸ ਕਰੁ ਭਾਵੈ ਘਰਰਿ ਮੁਡਾਏ। (365)

ਇਸ ਫੁਰਮਾਨ ਅਨੁਸਾਰ ਵੀ ਪ੍ਰਾਪਤੀ ਪ੍ਰਭੂ ਨਾਲ ਪ੍ਰੀਤਿ ਕੀਤਿਆਂ ਹੈ। ਭਾਈ ਗੁਰਦਾਸ ਜੀ ਨੇ ਵੀ ਇਹ ਹੀ ਦਸਿਆ ਹੈ —
ਮਿਲੈ ਨ ਤੀਰਥ ਨਾਤਿਆਂ ਡਡਾਂ ਜਲਵਾਸੀ।
ਵਾਲ ਵਧਾਇਆਂ ਪਾਈਐ ਵੜ ਜਟਾਂ ਪਲਾਸੀ। (36:14)

ਖੁਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ —
ਤੀਰਥ ਕੋਟ ਕੀਯੇ ਇਸਨਾਨ।
ਦੀਯੋ ਬਹੁ ਦਾਨ ਮਹਾਂ ਬ੍ਰਤ ਧਾਰੇ।
ਦੇਸ ਫਿਰਯੋ ਕਰ ਭੇਸ ਤਪੋਸਨ,
ਕੇਸ ਧਰੇ ਨ ਮਿਲੇ ਹਰਿ ਪਯਾਰੇ। (ਅਕਾਲ ਉਸਤਿਤ)

ਜਬ ਜਮੁ ਆਇ ਕੇਸ ਤੇ ਪਕਰੈਂ
ਤਹ ਹਰਿ ਕੋ ਨਾਮੁ ਛਡਾਵਨ। (1104)

ਕੇਸ ਤੇ ਪਕਰੈਂ ਰਹਿਣ ਤੋਂ ਜਾਪਦਾ ਹੈ ਕਿ ਕਬੀਰ ਜੀ ਕੇਸਾਂ ਦਾ ਧਾਰਨਾ ਰੱਬ ਨੂੰ ਮਿਲਣ ਲਈ, ਕਿਸੇ ਅਰਥ ਨਹੀਂ ਸਮਝਦੇ ਅਤੇ ਪ੍ਰਾਪਤੀ ਦਾ ਸਾਧਨ ਨਾਮ ਹੀ ਮੰਨਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਚਾਰ ਵੀ ਇਹ ਹਨ —
ਪਕਰਿ ਕੇਸ ਜਮਿ ਉਠਾਹਿਓ ਤਦ ਹੀ ਘਰਿ ਜਾਵੈ (408)

ਪਤਿਤ ਕੌਣ ਹੋਇਆ ਕੇਸ ਕਤਲ ਕਰਾਉਣ ਵਾਲਾ ਜਾਂ ਨਾਮ ਨਾ ਜਪਣ ਵਾਲਾ?

ਕਈ ਕਹਿੰਦੇ ਹਨ ਕਿ ਪਤਿਤ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਨੂੰ ਛੱਡ ਜਾਣ ਵਾਲਾ ਸਿੱਖ ਹੈ। ਸਿੱਖ ਧਰਮ ਦੇ ਬੁਨਿਆਦੀ ਅਸੂਲ ਕੀ ਹਨ?

ਕਈ ਕਹਿਣਗੇ ਕਿ ਰਹਿਤ ਮਰਯਾਦਾ ਦਾ ਇਨ੍ਹਾਂ ਅਸੂਲਾਂ ਦਾ ਇਕ ਬਹੁਤ ਜ਼ਰੂਰੀ ਅੰਗ ਹੈ। ਉਹ ਤਾਂ ਇਹ ਭੀ ਸੋਚਦੇ ਹਨ ਕਿ ਕੱਕਾਰ ਸਿੱਖ ਜਥੇਬੰਦੀ ਦੀ ਵਰਦੀ ਹੋਣ ਦੇ ਨਾਤੇ ਸਭ ਤੋਂ ਪਹਿਲੀ ਥਾਂ ਉਤੇ ਹਨ। ਪਰ ਗੁਰਬਾਣੀ ਅਨੁਸਾਰ ਤਾਂ ਸਭ ਤੋਂ ਪਹਿਲੀ ਥਾਂ ਉਤੇ ਨਾਮ ਸਿਮਰਨ ਹੈ ਹੋਰ ਸਭ ਕੁਝ ਦੂਜੇ ਦਰਜੇ ਉਤੇ ਹੈ। ਨਾਮ ਸਭ ਸਿੱਖਾਂ ਲਈ ਤੇ ਮਨੁਖ ਮਾਤਰ ਲਈ ਜ਼ਰੂਰੀ ਹੈ

ਪਤਿਤ ਪਾਵਨੁ ਨਾਮੁ ਹਰੀ (986)

ਨਾਮ ਅਟੱਲ ਹੈ ਤੇ ਸਭ ਸਮਿਆਂ ਦੇ ਸਥਾਨਾਂ ਲਈ ਇਕੋ ਜਿਹਾ ਮਹੱਤਵ ਪੂਰਨ ਹੈ, ਅਸਲ ਪਤਿਤ ਉਹ ਹੈ ਜੋ ਨਾਮ ਨਹੀਂ ਜਪਦਾ।

ਸਿੱਖਾਂ ਦੇ ਰਾਜਸੀ ਨੇਤਾ ਜਦ ਦਾੜ੍ਹੀ ਕੇਸਾਂ ਦੀ ਬੇਅਦਬੀ ਕਰਨ ਵਾਲੇ ਸਿੱਖਾਂ ਨੂੰ ਦੇਖਦੇ ਹਨ ਤਾਂ ਘਬਰਾਉਂਦੇ ਹਨ ਕਿ ਸਿੱਖਾਂ ਦੀ ਗਿਣਤੀ ਘਟਦੀ ਗਈ ਤਾਂ ਉਨ੍ਹਾਂ ਦੇ ਵੋਟਰ ਘਟ ਜਾਣਗੇ। ਜਦ ਰਾਜਸੀ ਤਾਕਤ ਪ੍ਰਾਪਤ ਕਰਨ ਲਈ ਵੋਟਾਂ ਦੀ ਵੱਡੀ ਗਿਣਤੀ ਦੀ ਲੋੜ ਹੋਵੇ ਤਾਂ ਇਹ ਖਵਾਹਿਸ਼ ਕੁਦਰਤੀ ਹੈ ਕਿ ਕੌਮ ਵਿਚ ਜ਼ੋਰ ਦਾ ਅੰਮ੍ਰਿਤ ਪਰਚਾਰ ਹੋਵੇ ਤਾਂ ਕਿ ਸਿੱਖ ਵੋਟਾਂ ਨਾਲ ਚੁਣੇ ਜਾਣ ਵਾਲੇ ਮੈਂਬਰਾਂ ਦੀ ਗਿਣਤੀ ਭੀ ਵੱਡੀ ਹੋਵੇ ਤੇ ਵਜ਼ੀਰੀਆਂ ਭੀ ਬਹੁਤੀਆਂ ਮਿਲਣ।

ਕੁਝ ਧਾਰਮਕ ਭਾਵਨਾ ਵਾਲੇ ਸਿੱਖ ਪ੍ਰਤੀਤ ਕਰਦੇ ਹਨ ਕਿ ਸਿੱਖ ਗੁਰੂ ਸਾਹਿਬਾਂ ਨੇ ਇਕ ਕਮਾਲ ਦਾ ਧਰਮ ਚਲਾਇਆ ਹੈ ਜੋ ਆਪਣੇ ਕਈ ਤਰ੍ਹਾਂ ਦੇ ਗੁਣਾਂ ਕਰਕੇ ਵਿਸ਼ੇਸ਼ ਹੈ। ਇਹ ਸਪੱਸ਼ਟ ਹੈ ਕਿ ਧਾਰਮਿਕ ਭਾਵਨਾ ਵਾਲੇ ਸਿੱਖਾਂ ਦੀ ਸੋਚਣੀ ਰਾਜਸੀ ਹਿਤਾਂ ਜਾਂ ਭਾਈਚਾਰਕ ਹਿਤਾਂ ਵਾਲੇ ਸਿੱਖਾਂ ਦੀ ਸੋਚਣੀ ਨਾਲੋਂ ਵਧੀਆ ਹੈ।

ਪਰ ਰਾਜਸੀ ਨੇਤਾਵਾਂ ਨੂੰ ਚਾਹੀਦਾ ਹੈ ਕਿ ਜੇ ਉਹ ਚਾਹੁੰਦੇ ਹਨ ਕਿ ਪੰਥਕ ਤਾਕਤ ਕਾਇਮ ਰਹੇ, ਤਾਂ ਉਹ ਸਿਖ ਰਾਜ ਦੇ ਸੁਪਨੇ ਨਾ ਲੈਣ, ਸਗੋਂ ਸਿੱਖ ਧਰਮ ਦਿਆਂ ਮਜ਼ਲੂਮਾਂ, ਦੀਨਾਂ, ਗਰੀਬਾਂ ਗੁਲਾਮਾਂ ਲਈ ਕੁਰਬਾਨੀਆਂ ਦੇਣ ਵਾਲੀਆਂ ਰਵਾਇਤਾਂ ਨੂੰ ਸੁਰਜੀਤ ਕਰਨ ਦਾ ਯਤਨ ਕਰਨ, ਵੋਟਾਂ ਦੀ ਚਿੰਤਾ ਨਾਲੋਂ ਸੇਵਾ, ਨਿਰਭੈਤਾ ਦੀ ਚਿੰਤਾ ਬਹੁਤੀ ਜ਼ਰੂਰੀ ਹੈ।

ਸਤਿਗੁਰਾਂ ਨੇ ਉਨ੍ਹਾਂ ਨੂੰ ਜੋ ਨਾਮ ਦੀ ਕਮਾਈ ਨਹੀਂ ਕਰਦੇ, ਸਖਤ ਤੋਂ ਸਖਤ ਸ਼ਬਦਾਂ ਨਾਲ ਤਾੜਿਆ ਹੈ। ਇਸ ਅਨੁਸਾਰ ਪਤਿਤ ਸਿਰਫ ਉਹ ਕਹੇ ਜਾ ਸਕਦੇ ਹਨ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤਤਸਾਰ ਮੁਖ ਉਪਦੇਸ਼ ਅਤੇ ਸਿੱਖ ਦੇ ਪਰਮ ਕਰਤੱਵ, ਜੋ ਨਾਮ ਹੈ, ਦਾ ਅਭਿਆਸ ਨਹੀਂ ਕਰਦੇ। ਗੁਰਬਾਣੀ ਵਿਚ ਨਾਮ ਉਤੇ ਇਨਾਂ ਜ਼ੋਰ ਦਿਤਾ ਹੈ ਕਿ ਭਾਵੇਂ ਕੋਈ ਪੰਜ ਕਕਾਰ ਦਾ ਧਾਰਨੀ ਹੋਵੇ ਅਤੇ ਹੋਰ ਸਾਰੀ ਰਹਿਤ ਮਰਯਾਦਾ ਦਾ ਪਾਲਣ ਵੀ ਕਰਦਾ ਹੋਵੇ ਜੇ ਉਸ ਦੇ ਅੰਦਰ ਨਾਮ ਨਹੀਂ, ਉਸ ਨੂੰ ਪਤਿਤ ਹੀ ਮੰਨਣਾ ਪਵੇਗਾ। ਪਤਿਤ ਕਿਸੇ ਪੰਥ ਦੇ ਮੁਢਲੇ ਅਸੂਲ ਦਾ ਖੰਡਨ ਕਰਨ ਨਾਲ ਹੋਈਦਾ ਹੈ।

ਰਹਿਤ ਮਰਯਾਦਾ ਭਾਵੇਂ ਉਹ ਕਿੰਨੀ ਵੀ ਲਾਜ਼ਮੀ ਅਤੇ ਜ਼ਰੂਰੀ ਦਸੀ ਜਾਂਦੀ ਹੋਵੇ, ਦਾ ਦਰਜਾ ਅੰਤ੍ਰੀਵ ਧਰਮ ਤੋਂ ਬਹੁਤ ਥੱਲੇ ਹੁੰਦਾ ਹੈ, ਅਤੇ ਉਸ ਦੇ ਪਾਲਣ ਨਾ ਕਰਨ ਨਾਲ ਪਤਿਤ ਨਹੀਂ ਹੋਈਦਾ। ਇਸ ਸਬੰਧੀ ਗੁਰਵਾਕਾਂ ਨੂੰ ਵਿਚਾਰ ਨਾਲ ਪੜ੍ਹੋ —
ਨਾਮ ਨ ਜਪਹਿ ਤੇ ਆਤਮ ਘਾਤੀ। (188)
ਮਰਿ ਨ ਜਾਹੀ ਜਿਨਾ ਬਿਸਰਤ ਰਾਮ (188)
ਬਿਨੁ ਸਿਮਰਨ ਜੈਸੇ ਸਰਪ ਆਰਜਾਰੀ (239)
ਬਿਨੁ ਸਿਮਰਨ ਕੂਕਰ ਹਰਕਾਇਆ (239)
ਖਸਮ ਵਿਸਾਰਹਿ ਤੇ ਕਮਜਾਤਿ (349)
ਨਾਮ ਬਿਨਾ ਕੁਸਟੀ ਮੋਹੁ ਅੰਧਾ (367)
ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੇ (1428)

ਗਿਣਤੀ ਦੀ ਲੋੜ ਨਹੀਂ, ਸਚੇ ਸਿੱਖਾਂ ਦੀ ਲੋੜ ਹੈ ਜੋ ਉਚੇ ਅਖਲਾਕ ਵਾਲੇ ਹੋਣ ਅਜੇਹੇ ਸਿੰਘ ਸਿਰਫ ਕੇਸ ਰੱਖਣ ਨਾਲ ਨਹੀਂ ਹੋਈਦਾ। ਅਸੀਂ ਘੋੜੇ ਨੂੰ ਗਡੀ ਅਗੇ ਜੋਤਣ ਦੀ ਥਾਂ, ਪਿਛੇ ਬੰਨ ਕੇ ਗੱਡੀ ਟੋਰਨਾ ਚਾਹੁੰਦੇ ਹਾਂ ਅਤੇ ਇਹ ਸੰਭਵ ਨਹੀਂ। ਨਾਮ ਨੇ ਅਗੇ ਲਗਣਾ ਹੈ ਤੇ ਮਗਰ ਰਹਿਤ ਮਰਯਾਦਾ ਨੇ।

ਪੰਥ ਦਾ ਚੜ੍ਹਦੀਆਂ ਕਲਾਂ ਵਿਚ ਨ ਹੋ ਸਕਣ ਦਾ ਇਕ ਵੱਡਾ ਕਾਰਨ ਸਾਡਾ ਬਾਹਰ ਦੀ ਸਿੱਖੀ ਨੂੰ ਅੰਦਰ ਦੀ ਸਿੱਖੀ ਤੋਂ ਤਰਜੀਹ ਦੇਣਾ ਹੈ। ਅਸੀਂ ਬਾਣੀ (ਗੁਰੂ ਗ੍ਰੰਥ ਸਾਹਿਬ) ਤੋਂ ਸਿਖਿਆ ਲੈਣ ਦੀ ਥਾਂ, ਮਨੁੱਖਾਂ ਦੇ ਰਚੇ ਹੋਏ ਗਰੰਥ ਅਤੇ ਲੋਕਾਂ ਦੇ ਆਪਣੀ ਸਮਝ, ਯੁੱਧ ਅਨੁਸਾਰ ਲਿਖੇ ਅਤੇ ਝੂਠ ਸਚ ਦਸਮੇਸ਼ ਜੀ ਦਾ ਨਾਮ ਦੇ ਕੇ ਪ੍ਰਚਲਤ ਕੀਤੇ ਰਹਿਤਨਾਮਿਆਂ ਤੋਂ ਸਿਖਿਆ ਲੈਣੀ ਚਾਹੁੰਦੇ ਹਾਂ। ਇਹ ਪ੍ਰਾਪਤੀ ਦਾ ਰਸਤਾ ਨਹੀਂ, ਭੰਬਲ ਭੂਸਿਆਂ ਵਿਚ ਪੈਣਾ ਹੈ। ਕੇਵਲ ਨਿਰੋਲ ਗੁਰਬਾਣੀ ਸਤਿ ਹੈ, ਬਾਕੀ ਸਭ ਅਸਤਿ ਹੈ।

ਹੁਣ ਖਬਰਾਂ ਤਫਸੀਲ ਨਾਲ


ਖੂਨੋ - ਖੂਨ ਅਖਬਾਰ ਦੇ ਹੋਏ ਵਰਕੇ,
ਹੋਈਆਂ ਪਈਆਂ ਨੇ ਹਾਲੋਂ ਬੇਹਾਲ ਖਬਰਾਂ।
ਬੰਦਾ ਭੱਜ ਕੇ ਜਾਏ ਤਾਂ ਜਾਏ ਕਿੱਥੇ?
ਚਾਰੇ ਕੂਟ ਵਿਛਾਇਆ ਹੈ ਜਾਲ ਖਬਰਾਂ।
ਪੇਪਰ ਚੁੱਕਦਿਆਂ ਹੀ ਬਾਬਾ ਯਾਦ ਆਉਂਦੈ,
ਨਦਰੋ - ਨਦਰ ਹੀ ਕਰਨ ਨਿਹਾਲ ਖਬਰਾਂ।
ਅਸੀਂ ਸੁਰਖੀਆਂ ਵੇਖ ਕੇ ਧੰਨ ਹੋ ਗਏ,
ਕਿਹੜਾ ਪੜ੍ਹੇ ਤਫਸੀਲ ਦੇ ਨਾਲ ਖਬਰਾਂ।

ਘਰ ਦਾ ਜੋਗੀ ਜੋਗੜਾ ਬਾਹਰਲਾ ਜੋਗੀ ਸਿੱਧ

ਰਾਮ ਸਿੰਘ ਢਿੱਲੋਂ (ਗੋਰਾਇਆ) ਸਰੀ

ਮੇਰੇ ਇਕ ਡਾਕਟਰ ਦੋਸਤ ਪਟਿਆਲੇ ਤੋਂ ਰੀਟਾਇਰ ਹੋ ਮੇਰੇ ਪਿੰਡ ਨੇੜੇ ਇਕ ਪੇਂਡੂ ਕੁਆਪਰੇਟਿਵ-ਸਬਸਿਡਾਈਜ਼ਡ ਡਿਸਪੈਂਨਸਰੀ ਦੇ ਇਨਚਾਰਜ ਆ ਲੱਗੇ। ਉਹ ਆਪਣੀ ਤਨਖਾਹ ਹਰ ਮਹੀਨੇ, ਜਿਸ ਬੈਂਕ ਦਾ ਮੈਂ ਇਨਚਾਰਜ ਸਾਂ, ਉਥੇ ਲੈਣ ਆਉਂਦੇ ਕਰਕੇ, ਮੇਰੇ ਚੰਗੇ ਮਿੱਤਰ ਬਣ ਗਏ ਤੇ ਸੁਭਾਉ ਦੇ ਵੀ ਉਹ ਬੜੇ ਮਿਲਾਪੜੇ ਸਨ । ਉਹ ਕਿਸੇ ਵੇਲੇ ਦੀਵਾਨ ਦਯਾ ਕਿਸ਼ਨ ਕੌਲ, ਜਿਹੜਾ ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਦਾ ਬੜਾ ਖਾੜਕੂ ਵਜ਼ੀਰ ਸੀ, ਦੇ ਪਰਸਨਲ ਡਾਕਟਰ ਰਹਿ ਚੁਕੇ ਸਨ । ਉਨ੍ਹਾਂ ਦੱਸਿਆ :-

ਕੌਲ ਸਾਹਿਬ ਦੀ ਮਹੱਲ ਵਰਗੀ ਕੋਠੀ ਦੇ ਮਹਿਮਾਨ-ਖਾਨੇ ਵਿਚ, ਮੈਂ ਕੌਲ ਸਾ: ਨਾਲ ਉਨ੍ਹਾਂ ਦੀ ਸਿਹਤ ਬਾਰੇ ਪੁੱਛ-ਗਿਛ ਕਰ ਰਿਹਾ ਸਾਂ ਕਿ ਉਨ੍ਹਾਂ ਦੀ ਬੀਵੀ, ਓਸ ਦੀਵਾਨ-ਖਾਨੇ ਹਾਲ ਵਿਚ ਇਕ ਬੂਹੇ ਦਾਖਲ ਹੋ, ਸਾੜ੍ਹੀ ਵਿਚ ਮਲਬੂਸ, ਬਿਜਲੀ ਵਾਂਗ ਸਾਡੀ ਵਲ ਡਾਂਟ-ਨਜ਼ਰ ਝਾਕ, ਟਪ ਟਪ ਕਰਦੀ ਸਾਹਮਣੇ ਦਰਵਾਜ਼ੇ ਲੰਘ ਗਈ। ਕੌਲ ਸਾ: ਕਹਿੰਦੇ, "ਡਾਕਟਰ! ਤੈਨੂੰ ਤੇ ਪਤਾ ਰਿਆਸਤ ਦੇ ਅਹਿਲਕਾਰ ਤੇ ਪਰਜਾ, ਮੈਥੋਂ ਕਿਵੇਂ ਕੰਬਦੀ ਡਰਦੀ ਭੈ-ਭੀਤ ਹੈ। ਮੈਂ ਬਾਹਰ ਦੌਰੇ ਤੇ ਜਾਵਾਂ ਤੇ ਮਹਿਕਮਾਂ ਮਾਲ, ਪੁਲੀਸ ਤੇ ਕਰਮਚਾਰੀਆਂ ਤੇ ਮੇਰਾ ਆਦਰ-ਮਾਣ ਕਰਨਾ ਹੀ ਹੈ, ਦਰਖਤ ਵੀ ਜਿਵੇਂ ਹੱਥ-ਜੋੜੀ ਚੁਪ-ਚਾਪ ਖਲੋਤੇ, ਮੇਰੇ ਹੁਕਮ ਦੀ ਉਡੀਕ ਕਰਦੇ ਮੈਨੂੰ ਜਾਪਿਆ ਕਰਦੇ ਹਨ । ਕਚਹਿਰੀ ਦਰਬਾਰ ਜਾਵਾਂ, ਭਾਵੇਂ ਕੁਝ ਕੁ ਕੇਸ ਐਥੇ ਕੋਠੀ ਸੱਦ ਸੁਣਵਾਈ ਕਰਾਂ, ਹਰ ਲਗੱਾ ਵਧੱਾ ਮੇਰੀ ਅਰਦਲ ਵਿਚ ਸਨਾਟਾ ਛਾਏ ਵਾਂਗ ਮੇਰੇ ਹੁਕਮ ਦੀ ਉਡੀਕ ਕਰਦਾ ਹੈ। ਮੈਂ ਆਪਣੀ ਕੋਠੀ ਦੇ ਬਾਗ ਵਿਚ ਟਹਿਲਣ ਨਿਕਲਦਾ ਹਾਂ ਤਾਂ ਜਦ ਮੈਂ ਸੋਹਣੇ ਮਖਮਲੀ-ਘਾ ਉਪਰ ਤੁਰਦਾਂ ਤਾਂ ਮੈਂ ਮਹਿਸੂਸ ਕਰਦਾਂ, ਕਿ ਕੂਲਾ ਸੋਹਣਾ ਬੇਜ਼ਬਾਨ ਘਾ, ਬਜਾਏ ਮੇਰੇ ਜਿਸਮੀ-ਭਾਰ ਹੇਠ, ਦੋਹਰਾ ਹੁੰਦਾ ਔਖਾ ਔਖਾ ਦੱਬਿਆ ਦੱਬਿਆ ਭਾਰੂ ਸਮਝੇ, ਉਹ ਇਕ ਮਾਸੂਕ ਵਾਂਗ ਮੈਨੂੰ ਮਿਲਕੇ ਜਿਵੇਂ, ਮਾਣ ਤੇ ਫਖਰ ਅਨੁਭਵ ਕਰਦਾ, ਕਿ ਕੌਲ ਸ਼ਾਹਿਬ ਦੀ ਚਰਨ-ਛੋਹ ਸਾਨੂੰ ਪ੍ਰਾਪਤ ਹੋਈ, ਖੁਸ਼ ਜਾਪਦਾ ਹੈ । ਬਾਗ ਦੇ ਸੋਹਣੇ ਫੁੱਲ ਮੈਨੂੰ ਦੇਖ ਜਿਵੇਂ ਖਿੜ ਖਿੜ ਹਸਦੇ ਹਵਾ ਦੇ ਝੌਂਕਿਆਂ ਨੂੰ ਵਾਜਾਂ ਮਾਰ ਆਪਣੀ ਮਦਦ ਲਈ ਬੁਲਾਂਦੇ ਹੋਣ ਤੇ ਉਹ ਆਪਣੇ ਮੁਖੜੇ ਦੀਆਂ ਵੜਾਛਾਂ ਤਕ ਮੂੰਹ ਅੱਡ ਆਪਣੇ ਅੰਦਰ ਲਕੋਈ ਸਾਰੀ ਰਸ-ਭਿੰਨੀ ਸੁਗੰਧੀ ਓਸ ਹਵਾ ਦੁਬਾਰਾ ਮੇਰੇ ਵੱਲ ਘੱਲਦੇ, ਮੈਂ ਅਨੁਭਵ ਕਰਦਾ ਹਾਂ । ਮੈਂ ਆਪਣੇ ਓਸ ਪਿਆਰੇ ਘਾ ਤੇ ਖੂਬਸੂਰਤ ਫੁੱਲਾਂ ਨੂੰ ਜਿਹੜੇ ਮੇਰੇ ਅੰਦਰਲੇ ਹਾਵਾਂ-ਭਾਵਾਂ ਨੂੰ ਜਾਣਦੇ ਹੋਏ, ਮੇਰੇ ਨਾਲ ਹਮਦਰਦੀ ਪਰਗਟ ਕਰਦੇ, ਆਪਣੀ ਮਨ-ਬ੍ਰਿਤੀ ਇਕਾਗਰ ਕਰ, ਮੇਰਾ ਦੁਖ, ਬੜਾ ਲੰਮਾ ਲੰਮਾ ਢਿੱਲਾ ਢਿੱਲਾ ਸੋਗੀ ਮੂੰਹ ਬਣਾ ਸੁਣਦੇ ਹਨ ਤੇ ਉਹ ਮੈਨੂੰ ਦੱਸਦੇ ਸੰਗਦੇ ਨਹੀਂ ਕਿ "ਕੌਲ ਸਾ: ਓਹ ਰਾਣੀ ਸਾਹਿਰਾ ਤੇ ਜਦ ਕਦੀ ਸਾਡੇ ਕੋਲ ਵੀ ਆਉਂਦੇ ਹਨ ਤਾਂ ਉਨ੍ਹਾਂ ਦੇ ਅੰਦਰੋਂ ਨਿਕਲੀ ਹਵਾੜ੍ਹ ਸਾਡਾ ਸਾਹ ਘੁੱਟਣ ਲਗ ਜਾਂਦੀ ਹੈ ਤੇ ਓਹ ਸਾਡਾ ਕਾਫੀਆ ਤੰਗ ਕਰ ਦਿੰਦੀ ਹੈ। ਏਥੇ ਹੀ ਬੱਸ ਨਹੀਂ, ਕੌਲ ਸਾ: ਓਹ ਸਾਨੂੰ ਕਈਆਂ ਨੂੰ ਤੇ ਤੋੜ ਮਰੋੜ ਸਾਡਾ ਕਤਲ ਕਰਦੀ ਹੀ ਹੈ ਓਹ ਤੇ ਅਨੇਕ ਸਾਡੇ, ਅਣਜੰਮੇ ਬੱਚੇ ਗੁਨਚਿਆਂ ਦੇ ਕਤਲ ਕਰਨੋਂ ਵੀ ਗੁਰੇਜ਼ ਨਹੀਂ ਕਰਦੀ - ਮਾਫ ਕਰਨਾ ਕੌਲ ਸਾ: ਅਸੀਂ ਤੇ ਆਪਣਾ ਇਹ ਮਰਡਰ-ਕੇਸ ਆਪਦੀ ਕਚੈਹਰੀ ਪੇਸ਼ ਕਰਨਾ ਸੀ । ਪਰ ਜਦ ਅਸੀਂ ਦੇਖ ਰਹੇ ਹਾਂ ਕਿ ਓਹ ਬੇ-ਦਿਲਾ-ਖੂਨੀ-ਚੰਗੇਜ਼ ਕਾਤਿਲ ਤੇ ਤੁਹਾਡੇ ਤੇ ਵੀ ਭਾਰੂ ਹੈ ਤਾਂ ਅਸੀਂ ਆਪਣੀ ਸੋਚਣੀ ਹੀ ਬਦਲ ਲਈ ਹੈ ਕਿ ਤਵਾਰੀਖੀ ਕਾਤਿਲ ਮੀਰ-ਮੰਨੂੰ ਦੀ ਦਾਤਰੀ ਵਾਂਗ, ਅਸੀਂ ਤੇ ਜਨਮ ਹੀ ਓਸ ਰਾਣੀ ਸਾਹਿਰਾ ਦੇ ਕਤਲ ਹੋਣ ਲਈ ਲੈਂਦੇ ਹਾਂ, ਸੋ "ਰੱਬ ਓਹਨੂੰ ਸੁਮੱਤ ਬਖਸ਼ੇ" ਆਖਣ ਤੋਂ ਬਗੈਰ ਅਸੀਂ ਆਪਦੀ ਕੀ ਮਦਦ ਕਰ ਸਕਦੇ ਹਾਂ?" ਕੌਲ ਸਾ: ਕਹਿੰਦੇ, "ਡਾਕਟਰ ਸਾ: ਤੁਹਾਨੂੰ ਪਤਾ ਰਿਆਸਤ ਵਿਚ ਮੇਰੀ ਕੀ ਪੁਜ਼ੀਸ਼ਨ ਹੈ, ਮੈਂ ਚਾਹਾਂ ਤੇ ਏਸ ਛੋਟੀ ਜੇਹੀ ਜ਼ਨਾਨੀ ਨੂੰ ਟਿਕਾਣੇ ਲਗਾ ਉਹਦੀ ਧੂੰ ਵੀ ਨਾ ਨਿਕਲਣ ਦੇਵਾਂ, ਪਰ ਨਹੀਂ ਮੇਰਾ ਕੰਮ ਰਿਆਸਤ ਵਿਚ ਹੁੰਦੇ ਅਨੇਕ ਜ਼ੁਲਮ ਤੇ ਤਸ਼ੱਦਦਾਂ ਤੋਂ ਸਰਕਾਰ ਦੀ ਰਾਖੀ ਕਰ ਇਹਦੀ ਪਿਠ-ਪੂਰਨਾ ਹੈ, ਆਪ ਕਾਤਿਲ ਬਣਨਾ ਨਹੀਂ । ਸੋ ਜਦ ਪਰਜਾ, ਅਨੇਕ ਦੁਖ, ਜ਼ੁਲਮ ਤੇ ਅਨਿਆਂ ਆਪਣੀਆਂ ਛਾਤੀਆਂ ਵਿਚ ਲਕੋਈ ਬੈਠੀ ਜੀਵਨ ਬਤੀਤ ਕਰ ਰਹੀ ਹੈ ਤਾਂ ਮੈਂ ਓਸ ਦੁਖ ਦਾ ਹਿਸਾ ਕਿਉਂ ਨਾ ਵਟਾਂਵਾਂ ਨਾਨਕ ਦੁਖੀਆ ਸਭ ਸੰਸਾਰ ਵੀ ਤੇ ਸਚ ਹੋਣਾ ਹੀ ਹੈ ? ਡਾ: ਸਾਹਿਬ ਆਪਣੇ ਅੰਦਰਲੇ ਦੁਖ ਦੀ ਭੜਾਂਸ ਕੱਢ ਇਹਨੂੰ ਜ਼ਰਾ ਹੌਲਾ ਕੀਤਾ ਹੈ, ਮੈਨੂੰ ਪਤਾ ਇਹਦਾ ਇਲਾਜ ਆਪਦੇ ਪਾਸ ਵੀ ਕੋਈ ਨਹੀਂ । ਔਹ ਜਿਹੜੀ ਦੋ ਕੁ ਗਿੱਠਾਂ ਉਚੀ ਮੇਰੀ ਵਹੁਟੀ (ਓਹ ਬਹੁਤ ਮਧਰੀ ਸੀ) ਐਧਰੋਂ ਆਈ ਤੇ ਔਧਰ ਲੰਘ ਗਈ ਹੁਣ ਤੇ ਇਹਨੂੰ ਦੇਖ ਮੇਰੇ ਅੰਦਰ ਕਾਂਬਾ ਛਿੜਨਾਂ ਹੀ ਹੈ, ਇਹਦਾ ਤੇ ਜਦ ਮੈਨੂੰ ਦੂਰ-ਦੁਰੇਡੇ ਦੌਰੇ ਤੇ ਵੀ ਚੇਤਾ ਆ ਜਾਂਦਾ ਹੈ ਤਾਂ ਮੈਂ ਡਰਿਆ ਸਹਿਮਿਆ ਆਲੇ ਦੁਆਲੇ ਝਾਕ, ਇਹਦੀ ਵਿੜਕ ਲੈਣ ਲਈ ਕਾਹਲਾ ਪੈ ਜਾਂਦਾ ਹਾਂ । ਡਾਕਟਰ ਹੋਰਾਂ ਦਾ ਵਰਨਣ-ਢੰਗ ਏਨਾ ਵਿਅੰਗ-ਮਈ ਸੀ ਕਿ ਅਸਾਂ ਸਾਰੇ ਦਫਤਰ ਵਾਲਿਆਂ ਸੁਣਕੇ



ਅਨੰਦ ਮਾਣਿਆ ।

ਅਮਰੀਕਾ ਦਾ ਸੋਲ੍ਹਵਾਂ ਪ੍ਰਧਾਨ ਲਿੰਕਨ ਇਕ ਤਵਾਰੀਖੀ ਉਘੀ ਹਸਤੀ ਗਿਣਿਆ ਜਾਂਦਾ ਹੈ। ਜੇ ਕਦੀ ਤੁਹਾਨੂੰ ਕੈਲੇਫੋਰਨੀਆਂ ਡਿਜ਼ਨੀਲੈਂਡ ਜਾਣ ਦਾ ਮੌਕਾ ਮਿਲੇ, ਤਾਂ ਆਪਣੇ ਟੂਰ ਦੇ ਖਾਤਮੇਂ ਸਮੇਂ ਤੁਸੀਂ ਓਥੇ ਇਕ ਬੜੇ ਹਾਲ ਵਿਚ ਸਾਇੰਸੀ-ਔਡੀਉ-ਐਨੀਮੈਟ੍ਰੋਨਿਕਸ ਦਾ ਅਦਭੁਤ ਕ੍ਰਿਸ਼ਮਾਂ ਦੇਖ ਹੈਰਾਨ ਰਹਿ ਜਾਂਦੇ ਹੋ। ਮਹਾਨ ਪ੍ਰਧਾਨ ਲਿੰਕਨ ਦਾ ਬੁਤ, ਸਾਖਸ਼ਾਤ ਓਹਦਾ ਹੀ ਕੱਦ-ਕਾਠ ਤੇ ਦਿਖ, ਆਪਣੀ ਕੁਰਸੀ ਤੋਂ ਉਠ ਖਲੋ, ਆਮ ਜਨਤਾ ਨੂੰ ਸੰਬੋਧਨ ਕਰਨ ਲਈ, ਕਦਮ ਪੁੱਟ ਅਗਾਂਹ ਹੋ, ਖਲੋ, ਤੇ ਹੱਥਾਂ ਅੱਖਾਂ ਤੇ ਧੌਣ ਦੇ ਇਸ਼ਾਰਿਆਂ ਨਾਲ ਆਪਣਾ ਤਵਾਰੀਖੀ ਭਾਸ਼ਨ ਦਿੰਦਾ ਹੈ। ਭਾਸ਼ਨ ਖਤਮ ਹੋਣ ਤੇ, ਬਾਕਾਇਦਾ ਪਿਛਾਂਹ ਹਟ, ਮੁੜ ਆਪਣੇ ਸਿੰਘਾਸਨ ਤੇ ਸਸ਼ੋਭਤ ਹੋ ਜਾਂਦਾ ਹੈ । ਪ੍ਰਧਾਨ ਲਿੰਕਨ ਬੜੇ ਪ੍ਰਭਾਵਸ਼ਾਲੀ ਅਲੰਕਾਰਕ ਸ਼ਬਦਾਂ ਵਿਚ ਲਿਖਦਾ ਹੈ ਕਿ "ਐਡਾ ਮਹਾਨ ਲਿੰਕਨ ਵੀ ਆਪਣੀ ਔਰਤ ਦੀ ਨਜ਼ਰ-ਗਿਣਤੀ ਵਿਚ ਇਕ ਸਾਧਾਰਨ-ਖਸਮ ਤੋਂ ਵੀ ਹੇਠਾਂ ਸੀ, ਕਿਉਂ ਜੋ ਉਹਦੀ ਸ੍ਰੀਮਤੀ ਓਹਨੂੰ ਅਧ-ਕਮਲਾ ਹੀ ਸਮਝਿਆ ਕਰਦੀ ਸੀ ।

ਪਹਿਲੀਆਂ ਵਿਚ ਕੈਨੇਡਾ ਵਿਖੇ ਇਕ ਬੜੇ ਪੜੇ ਲਿਖੇ ਸੰਤ ਜੀ ਆਏ ਤੇ ਉਨ੍ਹਾਂ ਦੇ ਸ੍ਰੀਮਤੀ ਜੀ ਤੇ ਬੱਚਾ ਵੀ ਉਨ੍ਹਾਂ ਦੇ ਨਾਲ ਸੀ। ਸਾਡੇ ਬਜ਼ੁਰਗ ਵੀਰਾਂ ਦੇ ਦਿਲਾਂ ਵਿਚ ਸੰਤਾਂ ਦਾ ਬੜਾ ਆਦਰ ਮਾਣ ਸੀ ਤੇ ਓਹ ਓਹਨੂੰ ਆਪਣਾ ਇਕ ਮਹਿਬੂਬ-ਆਗੂ-ਨੇਤਾ ਸਮਝਦੇ ਸਨ ਪਰ ਉਨ੍ਹਾਂ ਦੀ ਸ੍ਰੀਮਤੀ ਜੀ (ਜਿਹੜੀ ਅੰਤ ਸਮੇਂ ਕੋਠਿਓਂ ਡਿਗ ਚੂਲਾ ਉਤਰਨ ਕਰਕੇ ਬੜੀ ਤੰਗ-ਦਸ਼ਾ ਬ੍ਰਿਧ ਅਵਸਥਾ ਰੱਬ ਨੂੰ ਪਿਆਰੀ ਹੋਈ) ਦੀ ਨਜ਼ਰੇ, ਸੰਤ ਜੀ ਇਕ ਥੋਥੇ ਜਿਹੇ ਅਣਗੌਲੇ ਪਤੀ ਹੀ ਸਨ ਤੇ ਆਮ ਕਬੀਲਦਾਰੀ ਜ਼ਿੰਦਗੀ ਵਿਚ ਓਹ ਸੰਤਾਂ ਨੂੰ ਆਪਣੀ ਉਂਗਲੀ ਦੇ ਇਸ਼ਾਰੇ ਤੁਰਨ ਲਈ ਹੀ ਮਜ਼ਬੂਰਦੀ ਰਹੀ, ਏਸੇ ਲਈ ਸੰਤ ਜੀ ਨੂੰ ਓਹ ਨਾਲ ਲਿਆਉਣੀ ਪਈ ਤੇ ਸੰਤਾਂ ਦੇ ਨੇੜਲੇ ਸ਼ਰਧਾਲੂਆਂ ਵਿਚ ਸੰਤਾਂ ਦਾ ਮਾਣ ਘਟਿਆ

ਸਵਾਮੀ ਜੀ ਆਰਾਮ ਨਾਲ ਬੈਠ ਪ੍ਰਸ਼ਾਦਾ ਛਕਣ ਲਗੇ ਕਹਿੰਦੇ, "ਦਾਲ ਬੜੀ ਪਤਲੀ ਆ", ਤਾਂ ਕਾਬਜ਼ ਸ੍ਰੀਮਤੀ ਨੇ, "ਹੈਂ ਕੀ ਆਖਿਆ ?" ਫੂਕਾਂ ਮਾਰਨ ਵਾਲਾ ਲੋਹੇ ਦਾ ਭੂਕਨਾਂ ਚੁਕ, ਜਦ ਸਰਦਾਰ ਜੀ ਵਲ ਉਲਾਰਿਆ ਤਾਂ ਯੋਟੀ ਵਿਚੇ ਛੱਡ ਸਰਦਾਰ ਜੀ ਝਟ ਛਾਲ ਮਾਰ ਕੋਠੇ ਜਾ ਚੜ੍ਹੇ। ਹੇਠਾਂ ਸਰਦਾਰ ਨੀ ਬਦਸਤੂਰ ਭੂਕਨਾ ਫੜੀ ਲੈਸ ਖਲੋਤੀ ਤੇ ਉਪਰ ਸਵਾਮੀ ਜੀ, ਲੂੰਮੜੀ-ਖਰਗੋਸ਼ ਵਾਂਗ ਅਖਾਂ 'ਚ ਅੱਖਾਂ ਗੱਡੀ ਅਗਲੇ ਪੈਂਤੜੇ ਦੀ ਬੜੀ ਤੀਬਰਤਾ ਨਾਲ ਉਡੀਕ ਕਰ ਰਹੇ ਸਨ ਕਿ ਸ਼ੈਤਲ-ਬਾਜ਼ ਸਰਦਾਰ ਜੀ ਬੋਲੇ, "ਭੋਲੂ ਦੇ ਬੀਜੀ! ਤੁਸੀਂ ਤੇ ਐਵੇਂ ਗਰਮ ਹੋ ਗਏ, ਸਾਰੀ ਗਲ ਤੇ ਮੇਰੀ ਤੁਸਾਂ ਸੁਣੀ ਹੀ ਨਹੀਂ" "ਦਾਲ ਪਤਲੀ ਜ਼ਰੂਰ ਹੈ ਪਰ ਸੌਂਹ ਗਊ ਦੀ ਸਵਾਦ ਏਨੀ ਹੈ ਕਿ ਮੂੰਹੋਂ ਨਹੀਂ ਲਹਿੰਦੀ" ਸ਼ਾਂਤੀ ਵਰਤਣ ਤੇ ਦੋਵੇਂ ਐਜ਼ ਯੂ ਵਰ ਹੋ ਗਏ ।

ਇਕ ਸਰਦਾਰ ਜੀ, ਆਪਣੀ ਕਾਰੋਬਾਰੀ ਪੁਜ਼ੀਸ਼ਨ ਇਲਾਕੇ ਵਿਚ ਜਾਣ-ਪਛਾਣ ਲੋਕਾਂ ਦੇ ਕੰਮ ਆਉਣ ਦੀ ਰੁਚੀ ਕਾਰਨ ਸਦ-ਭਾਵਨਾ, ਸੋਹਣੀ ਸਿਹਤ ਤੇ ਹਸ-ਮੁਖ ਬੜੇ ਹਰਮਨ-ਪਿਆਰੇ ਸਨ। ਮਿਤਰ ਘੇਰੇ ਤੇ ਘਰ ਵਿਚ ਵੀ ਹਰ ਵੇਲੇ ਖੁਸ਼ੀ ਦਾ ਖੇੜਾ ਬਣਿਆ ਤੇ ਹਾਸੇ-ਮਖੌਲ ਦਾ ਪਿੜ ਬੱਝਾ ਹੀ ਰਹਿੰਦਾ ਸੀ। ਓਹਨੂੰ ਕਿਸੇ ਤੇ ਰੋਹਬ ਪਾਉਣ ਦੀ ਲੋੜ ਨਹੀਂ ਸੀ ਪੈਂਦੀ। ਓਹਦੀ ਘਰ-ਬਾਹਰ ਕਿਸੇ ਦੇ ਕੰਮ ਟਾ ਸਕਣ ਦੀ ਤੀਬਰ-ਇੱਛਾ ਓਹਦੀ ਆਦਤ ਬਣ ਚੁਕੀ ਕਾਰਨ ਆਪਣੇ ਆਪ ਹੀ ਓਹਦਾ ਰੋਹਬ ਕਾਇਮ ਰਖਦੀ ਸੀ ਭਾਵੇਂ ਰੋਹਬ-ਸ਼ਬਦ ਤੇ ਓਹਦੇ ਕਿਆਸ ਵਿਚ ਵੀ ਕਦੀ ਨਹੀਂ ਸੀ ਆਇਆ। ਓਹਨੇ ਸਾਰਾ ਆਰ-ਪ੍ਰਵਾਰ ਐਸ ਸਵਰਗੀ-ਦੇਸ਼ ਸੱਦ ਲਿਆ ਜਿਥੇ ਸਾਰੇ ਆਨੰਦ ਮਾਣ ਰਹੇ ਹਨ। ਬਾਵਜੂਦ ਏਸ ਗੱਲ ਦੇ ਕਿ ਓਹ ਵਿਚਾਰਾ ਕਿਸੇ ਸਿਰ ਭਾਰ ਨਹੀਂ, ਓਹਦੇ ਬੱਚੇ, ਓਹਦੀ ਔਰਤ (ਸ਼ਾਇਦ ਬਦਲੀ ਸਭਿਅਤਾ ਕਾਰਨ) ਬਦੋ ਬਦੀ ਓਹਦੇ ਖੁਸ਼ੀ ਖੇੜੇ ਦਾ ਗਲ ਘੁਟਣ ਤੇ ਤੁਲੇ ਹੋਏ ਹਨ — ਪੈਰ ਪੈਰ ਤੇ ਓਹਨੂੰ ਮਜ਼ਬੂਰ ਕਰ ਰਹੇ ਹਨ, ਓਹ ਆਪਣੀ 50-55 ਸਾਲਾਂ ਦੀ ਖੁਸ਼ੀ-ਖੇੜੇ ਤੇ ਆਧਾਰਤ ਆਪਣੀ ਆਦਤ ਬਦਲ, ਉਨ੍ਹਾਂ ਦੀ ਮੋਨ-ਬਿਰਤੀ ਆਦਤ ਮਗਰ ਲੱਗੇ। ਮਿਤਰ-ਦੋਸਤ ਸਮਝਦੇ ਹਨ ਕਿ ਸਰਦਾਰ ਸਚ-ਮੁਚ ਸਵਰਗੀ ਜ਼ਿੰਦਗੀ ਦਾ ਸਵਾਦ ਮਾਣ ਰਿਹਾ ਹੈ ਪਰ ਓਹ ਵਿਚਾਰਾ ਅੰਦਰ ਹੀ ਅੰਦਰ ਕੁਬਿੱਧੀ ਤੇ ਕੁਥਾਂਹ ਫਾਥਾ ਮਹਿਸੂਸ ਕਰਦਾ ਵੀ ਆਪਣਾ ਖੁਸ਼ੀ ਦਾ ਬੇੜਾ ਕਾਇਮ ਰਖਣ ਦੀ ਕੋਸ਼ਿਸ਼ ਕਰਦਾ ਹੀ ਰਹਿੰਦਾ ਹੈ ।

ਜੋਗੀ ਬਣਨਾ ਇਕ ਸਾਧੂ-ਮੱਤ ਹੈ ਜਿਸਦੀਆਂ ਅਮੂਮਨ ਤਿੰਨ ਸਟੇਜਾਂ ਗਿਣਦੇ ਹਨ : ਪਹਿਲੀ ਜੋਗੀ ਦਾ ਸਾਧਾਰਨ ਜੇਹਾ ਚੇਲਾ ਅਥਵਾ **ਜੋਗੜਾ** ਦੂਜੀ ਸਟੇਜ **ਜੋਗੀ** ਤੇ ਇਸਤੋਂ ਉਪਰ ਰਿਧੀ ਪ੍ਰਾਪਤ ਕਰ, **ਸਿੱਧ** ਬਣ ਜਾਂਦਾ ਹੈ। ਭਾਵ ਘਰ ਦਾ ਬੰਦਾ, ਜੋਗ ਪ੍ਰਾਪਤ ਕੀਤਾ ਵੀ, ਐਵੇਂ ਜੋਗੜਾ ਹੀ ਜਾਪਦਾ ਹੈ ਪਰ ਬਾਹਰਲਾ ਬੰਦਾ, ਜਿਸਦੇ ਪਿਛੋਕੜ ਦਾ ਕੋਈ ਗਿਆਨ ਨਹੀਂ, ਨਵਾਂ ਚੇਲਾ ਮੁੰਨਿਆਂ ਜੋਗੜਾ ਵੀ ਸਿੱਧ ਜਾਪਣ ਲਗ ਪੈਂਦਾ ਹੈ, ਬਿਲਕੁਲ ਓਸੇ ਤਰ੍ਹਾਂ ਜਿਵੇਂ, "ਬਾਹਰ ਬੀਬੀ ਪੰਜ ਹਜ਼ਾਰੀ, ਘਰ ਵਿਚ ਬੀਬੀ ਅੱਲਾ ਦੀ ਮਾਰੀ ।"

ਇਕ ਬੀਬੀ ਦੇ ਆਖਣ ਤੇ ਅਸੀਂ ਵੀ ਸੰਤਾਂ ਦੇ ਦਰਸ਼ਨਾਂ ਨੂੰ ਚਲੇ ਗਏ। ਬੜੀ ਪ੍ਰਭਾਵਸ਼ਾਲੀ ਬਜ਼ੁਰਗ ਸਖਸ਼ੀਅਤ-ਘਰ ਉਪੜ ਓਸੇ ਬੀਬੀ ਜੀ ਤੋਂ ਸੰਤਾਂ ਬਾਂਰੇ ਹੋਰ ਜਾਣਕਾਰੀ ਪ੍ਰਾਪਤ ਕਰਦਿਆਂ ਪਤਾ ਲੱਗਾ ਕਿ ਸੰਤ ਜੀ ਨੂੰ ਉਨ੍ਹਾਂ ਦੇ ਬੱਚੇ ਨਖੱਟੂ ਸਮਝ ਬਹੁਤਾ ਮੂੰਹ ਨਹੀਂ ਲਾਉਂਦੇ ਪਰ ਬਾਹਰ ਉਨ੍ਹਾਂ ਦਾ ਠਕ-ਠਕਾ ਵਾਹਵਾ ਚਲ ਚੁੱਕਾ ਹੈ ਤੇ ਉਨ੍ਹਾਂ ਰਾਧਾ-ਸਵਾਮੀ ਤੇ ਨਿਰੰਕਾਰੀ-ਮੱਤ ਵਾਂਗ ਪੰਜਾਬ ਦੇ ਕਿਸੇ ਰੇਗਿਸਤਾਨੀ ਇਲਾਕੇ, ਜਿਸੇ ਪੀਣ ਲਈ ਪਾਣੀ ਵੀ ਦੂਰੋਂ ਲਿਆਉਣਾ ਪੈਂਦਾ ਹੈ, ਆਪਣਾ ਵਾਹ-ਵਾ ਅੱਡਾ-ਗੱਡਾ ਬਣਾ ਲਿਆ ਹੈ ਕਿਉਂ ਜੋ ਕੈਨੇਡੀਅਨ ਪਰਵਾਰ, ਸੰਤਾਂ ਦੇ ਸ਼ਰਧਾਲੂ ਬਣ ਚੁਕੇ ਹਨ ਜਿਹੜੇ ਆਪਣੀ ਕਬੀਲਦਾਰੀ ਦੀ ਬਲੀ ਦੇ ਕੇ ਵੀ, ਸੰਤਾਂ ਨੂੰ ਖੁਸ਼ ਰਖਣਾ ਆਪਣਾ ਇਸ਼ਟ ਸਮਝਦੇ ਹਨ ਕੀ ਹੋਇਆ ਜੇ ਸੰਤ ਘਰ ਵਿਚ ਜੋਗੜਾ ਹੀ ਹੈ ਜਿਸ ਤਰ੍ਹਾਂ ਬਾਕੀ ਉਪਰ ਵਾਲੇ ।

ਨਜ਼ਮ

ਖ਼ਤਾਂ ਦੇ ਹਰਫ਼ਾਂ ਨੂੰ

○

ਸਵਰਨਜੀਤ ਸਵੀ

ਗੰਦਲਾਂ ਦੀ ਉਮਰੇ ਤੁਸੀਂ ਗੁਟਕਦੇ ਸੀ
ਤੇ ਫਿਰ ਉਹ ਗੁਟਰਗੂੰ
ਹਵਾ ਦੀ ਮਾਤਮੀ ਧੁੰਨ 'ਚ ਮੱਧਮ ਪੈ ਕੇ
ਅੱਗ ਦੀਆਂ ਲਾਟਾਂ ਨੂੰ ਅਰਪਿਤ ਹੋ ਗਈ...
ਤੁਸੀਂ ਡਰ ਗਏ ਸੀ ਜਿਸਮ ਛੂਹਕੇ ਪਰਤ ਆਏ
ਅੱਜ ਮੈਂ ਉਸ ਸਫਰ ਨੂੰ ਮੁਖਾਤਬ ਹਾਂ
ਜੋ ਤੁਸੀਂ ਨੰਗੇ ਪੈਰੀਂ ਥਲਾਂ ਤੇ ਕੀਤਾ ਹੈ ।

ਬਲਦੀ ਅੱਗ ਦੀ ਉਮਰੇ ਤੁਸੀਂ ਡੁਸਕਦੇ ਸੀ
ਗੁਲਾਬੀ ਪੱਤੀਆਂ ਦਾ ਰੰਗ ਸਿਆਹ ਹੁੰਦਾ ਗਿਆ
ਤੁਸੀਂ ਪੌਦਿਆਂ ਤੋਂ ਆਂਦਰਾਂ ਤਕ ਬੇਅਰਥ ਹੋ ਭੁਰਦੇ ਰਹੇ...
ਦਾਇਰਿਆਂ ਤੋਂ ਬਿੰਦੂ ਤੇ ਫਿਰ ਖਲਾਅ ਦਾ ਸਫਰ ਸੀ
ਮੈਂ ਪੱਤੀਆਂ ਤੇ ਪਈ ਬੂੰਦ ਨੂੰ ਮੁਖਾਤਬ ਹਾਂ
ਜੋ ਸੂਰਜ ਤੋਂ ਹਰਰੋਜ਼ ਆਪਣੀ ਉਮਰ ਪੁੱਛਦੀ ਹੈ ।

ਸਿਆਹ ਉਮਰੇ ਬੇਲਾਗਤਾ ਦੇ ਪਰਦਿਆਂ ਥੀਂ
ਤੁਸੀਂ ਹਰ ਕਿਸੇ ਨਾਲ ਰਿਸ਼ਤਿਆਂ ਦਾ ਜ਼ਿਕਰ ਕਰਦੇ ਸੀ
ਸ਼ਰਮਿੰਦਗੀ ਦਾ ਕਫ਼ਨ ਸੀ—ਸ਼ੀਸ਼ੇ 'ਚ ਚਿਹਰਾ ਹੋਰ ਸੀ
ਪਰ ਰੇਤ ਕਿਰਦੀ ਹੀ ਰਹੀ...
ਤੁਸੀਂ ਕੈਦ ਸੀ ਜਾਂ ਅੱਖ ਦੀ ਪਰਵਾਜ਼ ਵਰਗੇ ਸੀ
ਮੈਂ ਕਿਰਦੀ ਰੇਤ ਦੀ ਉਸ ਉਮਰ ਨੂੰ ਮੁਖਾਤਿਬ ਹਾਂ
ਜੋ ਕੈਦ ਤੋਂ ਪਰਵਾਜ਼ ਦੇ ਵਿਚ ਭਟਕਦੀ ਹੈ ।

ਜ਼ਖ਼ਮਾਂ ਦੀ ਉਮਰੇ
ਤੁਸੀਂ ਜ਼ਖ਼ਮ ਬਣ ਰਿਸਦੇ ਰਹੇ, ਸੁੱਕਦੇ ਰਹੇ
ਪਰ ਕੰਡਿਆਂ ਤੇ ਚਲਣੋਂ ਡਰਦੇ ਰਹੇ
ਆਪਣੀ ਪੈੜ ਨੂੰ ਬਸ ਨਾਅਰਿਆਂ ਦੀ ਜੂਨ ਦੇ ਕੇ
ਬਿਗਾਨੀਆਂ ਅੱਖਾਂ 'ਚੋਂ ਹੰਝੂ ਲੱਭਦੇ ਰਹੇ...
ਮੈਂ ਜ਼ਖ਼ਮਾਂ ਨੂੰ ਮੁਖਾਤਿਬ ਹਾਂ
ਜੋ ਤਾਜ਼ਾ ਰਹਿਣਾ ਲੋਚਦੇ ਰਹੇ ।

ਤੁਸੀਂ ਹੁਣ ਅਣਚਾਹੇ ਗਰਭ ਦੀ ਜੂਨ ਵਰਗੇ ਹੋ
ਤੁਹਾਡਾ ਸਾਥ ਵੀ ਮੇਰੇ ਲਈ ਹੁਣ ਬੋਝ ਵਰਗਾ ਹੈ
ਤੁਸੀਂ ਹੁਣ ਮੁਕਤ ਕਰ ਦੇਵੋ ਕਿ ਮੈਂ ਪਰਵਾਜ਼ ਚਾਹੁੰਦਾ ਹੈ...
ਪਰਵਾਜ਼ ਚਾਹੁੰਦਾ ਹਾਂ ।

ਦਿੱਲੀ ਦਾ ਰੰਗ ਮੰਚ ਮੇਲਾ

—ਦਲਬੀਰ

ਦਿੱਲੀ ਵਿਚ ਕਰਵਾਏ ਗਏ ਪੰਜਾਬੀ ਨਾਟਕਾਂ ਦੇ ਮੇਲੇ ਦੀ ਵਿਸ਼ੇਸ਼ਤਾ ਵੀ ਇਹੀ ਸੀ ਕਿ ਇਸ ਵਿਚ ਪੇਸ਼ ਕੀਤੇ ਗਏ ਨਾਟਕਾਂ ਦੀ ਨਿਰਦੇਸ਼ਨਾ ਦੇਣ ਵਾਲੀਆਂ ਔਰਤਾਂ ਸਨ। ਮਹਿਲਾ ਨਿਰਦੇਸ਼ਕਾਂ ਦੀ ਗਿਣਤੀ ਭਾਰਤ ਵਿਚ ਹੀ ਉਂਗਲਾਂ 'ਤੇ ਗਿਣੀ ਜਾਣ ਜੋਗੀ ਹੈ। ਮਰਾਠੀ, ਬੰਗਾਲੀ ਅਤੇ ਹਿੰਦੀ, ਉਰਦੂ ਵਿਚ ਕੁਝ ਨਾਂ ਲਏ ਜਾ ਸਕਦੇ ਹਨ, ਕਿਉਂਕਿ ਇਨ੍ਹਾਂ ਭਾਸ਼ਾਵਾਂ ਦਾ ਨਾਟਕ ਵੀ ਕਾਫੀ ਵਿਕਸਿਤ ਹੋ ਚੁੱਕਾ ਹੈ। ਪਰ ਪੰਜਾਬੀ ਵਿਚ ਮਹਿਲਾ ਨਿਰਦੇਸ਼ਕਾਂ ਦੇ ਨਾਟਕ ਕਰਵਾਉਣਾ ਅਤੇ ਉਹ ਵੀ ਰਾਜਧਾਨੀ ਦਿੱਲੀ ਵਿਚ – ਇਹ ਇਕ ਨਵਾਂ ਤਜ਼ਰਬਾ ਸੀ। ਪੰਜਾਬੀ ਅਕਾਦਮੀ ਦਿੱਲੀ ਵਲੋਂ ਕੀਤਾ ਗਿਆ ਇਹ ਤਜ਼ਰਬਾ ਬਹੁਤ ਕਾਮਯਾਬ ਰਿਹਾ।

ਜਿਹੜੀਆਂ ਮਹਿਲਾ ਨਿਰਦੇਸ਼ਕਾਂ ਨੇ ਇਸ ਮੇਲੇ ਵਿਚ ਨਾਟਕ ਪੇਸ਼ ਕੀਤੇ, ਉਨ੍ਹਾਂ ਨੂੰ ਪਹਿਲੀਆਂ ਅੱਜ ਦੀਆਂ ਪੰਜਾਬੀ ਨਿਰਦੇਸ਼ਕਾਂ ਮੰਨਿਆਂ ਜਾ ਸਕਦਾ ਹੈ। ਪਰ ਉਨ੍ਹਾਂ ਤੋਂ ਮਗਰੋਂ ਕੋਈ ਪਾਲ ਹੀ ਨਹੀਂ। ਸ਼ੀਲਾ ਭਾਟੀਆ, ਰਾਣੀ ਬਲਬੀਰ ਕੌਰ, ਨੀਲਮ ਮਾਨ ਸਿੰਘ ਚੌਧਰੀ, ਮੀਨਾ ਕਪੂਰ ਤੇ ਰੀਟਾ ਸ਼ਰਮਾ ਤੋਂ ਬਾਅਦ ਮਸਾਂ ਇਕ ਦੋ ਹੋਰ ਮਹਿਲਾ ਨਿਰਦੇਸ਼ਕਾਂ ਪੰਜਾਬੀ ਨਾਟਕ ਖੇਤਰ ਵਿਚ ਮਿਲ ਸਕਦੀਆਂ ਹਨ।

ਇਸ ਰੰਗਮੰਚ ਮੇਲੇ ਦੌਰਾਨ ਸਿਰਫ ਇਕੋ ਨਾਟਕ ਅਜਿਹਾ ਸੀ ਜਿਹੜਾ ਸਿਰਫ ਇਸੇ ਮੇਲੇ ਲਈ ਤਿਆਰ ਕੀਤਾ ਗਿਆ ਸੀ। ਉਹ ਸੀ ਰਾਣੀ ਬਲਬੀਰ ਕੌਰ ਦਾ "ਮਿਰਜ਼ਾ ਸਾਹਿਬਾਂ।" ਬਾਕੀ ਦੇ ਨਾਟਕਾਂ-ਸ਼ੀਲਾ ਭਾਟੀਆ ਦਾ "ਤੇਰੇ ਮੇਰੇ ਲੇਖ", ਨੀਲਮ ਮਾਨ ਸਿੰਘ ਦਾ, "ਕਿੱਸਾ ਹੀਰ ਰਾਂਝਾ", ਮੀਨਾ ਕਪੂਰ ਦਾ, "ਇਕ ਚਾਦਰ ਅੱਧੋਰਾਣੀ", ਅਤੇ ਰੀਟਾ ਸ਼ਰਮਾ ਦਾ, "ਗੁੱਡਮੈਨ ਦੀ ਲਾਲਟੈਨ" ਦੇ ਪਹਿਲਾਂ ਕਈ ਸ਼ੋਅ ਹੋ ਚੁੱਕੇ ਸਨ। ਇਸ ਤਰ੍ਹਾਂ ਇਹ ਆਸ ਕੀਤੀ ਜਾਣੀ ਚਾਹੀਦੀ ਸੀ ਕਿ ਨਾਟਕ ਕਾਫੀ ਚੰਗੇ ਰੂਪ ਵਿਚ ਪੇਸ਼ ਕੀਤੇ ਜਾਣਗੇ ਅਤੇ ਹੋਇਆ ਵੀ ਇਵੇਂ ਹੀ।

ਸ਼ੀਲਾ ਭਾਟੀਆ ਦਾ, "ਤੇਰੇ ਮੇਰੇ ਲੇਖ" ਇਕ ਗੀਤ ਪ੍ਰਧਾਨ ਨਾਟਕ ਹੈ। ਇਹ ਲੋਰਕਾ ਦੇ ਮਸ਼ਹੂਰ "ਬਲੱਡ ਵੈਡਿੰਗ" 'ਤੇ ਅਧਾਰਤ ਹੈ। ਉਸ ਦੇ ਕਲਾਕਾਰ ਆਪ ਹੀ ਗੀਤ ਗਾਉਂਦੇ ਹਨ ਅਤੇ ਗੀਤ ਲੋਕ ਗੀਤਾਂ ਦੇ ਨੇੜੇ ਹੁੰਦੇ ਹਨ। ਸ਼ੀਲਾ ਭਾਟੀਆ ਦਾ ਇਹ ਨਾਟਕ ਕਈ ਵਾਰ ਖੇਡਿਆ ਜਾ ਚੁੱਕਾ ਹੈ ਅਤੇ ਐਤਕੀਂ ਦਾ ਸ਼ੋਅ ਵੀ ਪਹਿਲਾਂ ਵਾਂਗ ਹੀ ਕਾਫੀ ਪਸੰਦ ਕੀਤਾ ਗਿਆ।

ਨੀਲਮ ਮਾਨ ਸਿੰਘ ਚੌਧਰੀ ਦਾ, "ਕਿੱਸਾ ਹੀਰ ਰਾਂਝਾ" ਭਾਵੇਂ ਕਹਾਣੀ ਦੇ ਤੌਰ 'ਤੇ ਕੋਈ ਨਵੀਂ ਗੱਲ ਨਹੀਂ ਕਹਿੰਦਾ, ਪਰ ਇਸ ਦੀ ਪੇਸ਼ਕਾਰੀ, ਸੰਗੀਤ ਅਤੇ ਦ੍ਰਿਸ਼ ਸਿਰਜਣਾ ਕਲਪਨਾਸ਼ੀਲ ਅਤੇ ਪ੍ਰਭਾਵਸ਼ਾਲੀ ਸੀ। ਰੰਗ ਪੱਟੀ ਦੀ ਵਰਤੋਂ ਏਨੀ ਜ਼ਿਆਦਾ ਕੀਤੀ ਗਈ ਸੀ ਕਿ ਖਟਕਣ ਲੱਗ ਪਈ। ਸਿਰਫ ਹੀਰ ਦੇ ਡੋਲੀ ਚੜ੍ਹਣ ਵੇਲੇ ਹੀ ਰੰਗ ਪੱਟੀ ਦੀ ਵਰਤੋਂ ਸੁੰਦਰ ਅਤੇ ਮਨਮੋਹਣੀ ਲਗੀ। ਸੰਗੀਤ ਦੀਆਂ ਧੁੰਨਾਂ ਸੁਣਨ ਨੂੰ ਚੰਗੀਆਂ ਲਗਦੀਆਂ ਸਨ, ਜਿਨ੍ਹਾਂ ਨੂੰ ਜੀਵਨ ਸ਼ਰਮਾ ਦੀ ਅਗਵਾਈ ਹੇਠ ਢਾਡੀਆਂ ਦੇ ਪੇਸ਼ਵਰ ਜਥੇ ਨੇ ਬਹੁਤ ਅਸਰ ਭਰਪੂਰ ਢੰਗ ਨਾਲ ਗਾਇਆ। ਪਰ ਮੁਖ ਪਾਤਰਾਂ – ਹੀਰ ਤੇ ਰਾਂਝਾ – ਦਾ ਰੋਲ ਕਰਨ ਵਾਲੇ ਕਲਾਕਾਰ ਨਾ ਤਾਂ ਪਾਤਰਾਂ ਦੇ ਮੁਤਾਬਕ ਸਰੀਰਕ ਬਣਤਰ ਵਾਲੇ ਸਨ ਅਤੇ ਨਾ ਹੀ ਉਹ ਉਨ੍ਹਾਂ ਦੇ ਮਨੋਭਾਵਾਂ ਨੂੰ ਹੀ ਚੰਗੀ ਤਰ੍ਹਾਂ ਦਰਸਾ ਸਕੇ। "ਜੰਗਮ ਦੀ ਵਰਤੋਂ ਵੀ ਬੇਤੁਕੀ ਲਗੀ।

ਨਿਰਦੇਸ਼ਨ ਦੇ ਪੱਖ ਤੋਂ ਅਤੇ ਸ਼ੁੱਧ ਪੰਜਾਬੀ ਬੋਲੀ ਬੋਲਣ ਦੇ ਲਿਹਾਜ਼ ਨਾਲ ਮੀਨਾ ਕਪੂਰ ਦਾ "ਇਕ ਚਾਦਰ ਅੱਧੋਰਾਣੀ" ਬਿਹਤਰੀਨ ਕਿਹਾ ਜਾ ਸਕਦਾ ਹੈ। ਇਸ ਦੀ ਕਹਾਣੀ ਵੀ



ਗੁੱਡ ਮੈਨ ਦੀ ਲਾਲਟੈਣ

ਬੇਹੱਦ ਜ਼ੋਰਦਾਰ ਸੀ। ਤਿਰਲੋਕੇ ਵਲੋਂ ਰਾਣੋ ਨੂੰ ਮਾਰ ਕੁੱਟ ਕਰਨ, ਮੰਗਲ ਤੇ ਰਾਣੋ ਦਾ ਪਹਿਲਾਂ ਪਵਿੱਤਰ ਦੇਰ ਭਰਜਾਈ ਵਾਲਾ ਪਿਆਰ ਤੇ ਮਗਰੋਂ ਤਿਰਲੋਕੇ ਦੀ ਮੌਤ ਤੋਂ ਬਾਅਦ ਦਾ ਦਵੰਧ ਵਾਲਾ ਦ੍ਰਿਸ਼ ਨਿਰਦੇਸ਼ਕਾ ਨੇ ਬਹੁਤ ਹੀ ਕਲਪਨਾਸ਼ੀਲ ਢੰਗ ਨਾਲ ਬੰਨ੍ਹੇ ਹਨ। ਨਾਟਕ ਦੌਰਾਨ ਇਕ ਬਦਮਜ਼ਗੀ ਇਹ ਹੋਈ ਕਿ ਦੋ ਇੰਟਰਵਲਾਂ ਬਾਰੇ ਦਰਸ਼ਕਾਂ ਨੂੰ ਪਹਿਲਾਂ ਨਹੀਂ ਦੱਸਿਆ ਗਿਆ। ਇਸ ਲਈ ਕਈ ਦਰਸ਼ਕ ਦੂਜੇ ਇੰਟਰਵਲ ਵੇਲੇ ਨਾਟਕ ਖਤਮ ਹੋਇਆ ਸਮਝ ਕੇ ਉਠ ਕੇ ਚਲੇ ਗਏ।

ਰਾਣੀ ਬਲਬੀਰ ਕੌਰ ਦਾ, "ਮਿਰਜ਼ਾ ਸਾਹਿਬਾਂ" ਦਾ ਦਾਰੋਮਦਾਰ ਇਸ ਦੇ ਪੇਸ਼ਾਵਰ ਸੁਰੀਲੇ ਗਾਇਕਾਂ-ਸਾਬਰ ਹੁਸੈਨ ਸਾਬਰ ਅਤੇ ਭੂਪਿੰਦਰ ਉਤੇ ਸੀ। ਪਰ ਨਾਲ ਹੀ ਉਸ ਨੇ ਢਾਡੀਆਂ ਦੀ ਵੀ ਵਰਤੋਂ ਕੀਤੀ। ਨਾਟਕ ਦੇ ਸ਼ੁਰੂਆਤ ਵਿਚ ਜਦੋਂ ਮਿਰਜ਼ੇ ਦੀ ਬਹਾਦਰੀ ਦਾ ਪ੍ਰਗਟਾਵਾ ਕੀਤਾ ਗਿਆ ਉਥੇ ਬਾਜ਼ੀਗਰਾਂ ਦੇ ਕਰਤਵਾਂ ਨੇ ਕਾਫੀ ਤਾੜੀਆਂ ਖੱਟੀਆਂ। ਪਰ ਬਾਜ਼ੀਗਰਾਂ ਦਾ ਨਾਟਕ ਨਾਲ ਕੀ ਸਬੰਧ ਸੀ,

(ਬਾਕੀ ਪੰਨਾ 16 ਤੇ)




ਮਿਰਜ਼ਾ ਸਾਹਿਬਾਂ

ਸਾਡੇ ਵਾਰਸ

ਗੁਰਬਖ਼ਸ਼ ਸਿੰਘ

ਬੱਚਾ ਚੋਰੀ ਕਿਉਂ ਕਰਦਾ ਹੈ ?



ਇਕ ਬੱਚੇ ਨੂੰ ਸਭ ਕੁਝ ਮੰਗਿਆਂ ਮਿਲ ਸਕਦਾ ਹੈ, ਉਹਦੀ ਉਮਰ ਦਸ ਸਾਲ ਦੀ ਹੈ, ਪਰ ਕੁਝ ਸਮੇਂ ਤੋਂ ਉਹਨੂੰ ਚੀਜ਼ਾਂ ਚੁੱਕਣ ਦੀ ਆਦਤ ਪੈ ਗਈ ਹੈ, ਉਂਜ ਉਹ ਬੜਾ ਭਲਾਮਾਣਸ ਹੈ ।

ਸਭ ਤੋਂ ਪਹਿਲਾਂ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣ ਦੀ ਲੋੜ ਹੈ ਕਿ ਚੋਰੀ ਕਿਸੇ ਬੁਨਿਆਦੀ ਬੁਰਾਈ ਦੀ ਨਿਸ਼ਾਨੀ ਨਹੀਂ । ਸਿਰਫ ਮਾਪਿਆਂ ਦੇ ਵਤੀਰੇ ਵਿਚ ਗਲਤੀ ਦੇ ਚਿਤਾਵਨੀ ਹੈ । ਕੋਈ ਵੀ ਬੱਚਾ ਸੁਭਾਵਕ ਦਿਆਨਤਦਾਰ ਨਹੀਂ ਹੁੰਦਾ । ਦਿਆਨਤਦਾਰੀ ਸਿਖਾਈ ਜਾਂਦੀ ਹੈ, ਜਿਸ ਸਿਖਲਾਈ ਦੇ ਜ਼ਿੰਮੇਵਾਰ ਮਾਪੇ ਹੁੰਦੇ ਹਨ । ਹਰ ਗੁਣ ਤੇ ਹਰ ਔਗੁਣ ਦੀ ਨੀਂਹ ਘਰ ਵਿਚ ਹੀ ਧਰੀ ਜਾਂਦੀ ਹੈ ।

ਬੱਚੇ ਨੂੰ ਮਰਯਾਦਾ ਦਾ ਸਬਕ ਦੇਣਾ ਬੜੀ ਸਿਆਣਪ ਮੰਗਦਾ ਹੈ । ਬੱਚੇ ਦੀ ਫਿਤਰਤ ਮਰਯਾਦਾ ਦੇ ਵਿਰੁੱਧ ਹੁੰਦੀ ਹੈ । ਜਦੋਂ ਮਾਪੇ ਉਸਦੀ ਫਿਤਰਤ ਦੇ ਵਿਰੁੱਧ ਬੇ-ਮੇਚੀ ਸਿੱਖਿਆ ਦੇਂਦੇ ਹਨ, ਤਾਂ ਬੱਚੇ ਵਿਚ ਝੂਠ ਬੋਲਣ, ਚੋਰੀ ਕਰਨ, ਚੀਜ਼ਾਂ ਲੁਕਾਣ, ਤੋੜਨ ਤੇ ਗੁਆਣ ਦੀ ਰੁਚੀ ਬਗਾਵਤ ਦੇ ਤੌਰ ਉਤੇ ਜਾਗਦੀ ਹੈ । ਸਿਆਣੇ ਮਾਪੇ ਇਸ ਰੁਚੀ ਨੂੰ ਤਾੜਦੇ ਰਹਿੰਦੇ ਹਨ, ਤੇ ਇਹੋ ਜਿਹੇ ਤਰੀਕੇ ਨਾਲ ਮਰਯਾਦਾ ਸਿਖਾਂਦੇ ਹਨ ਕਿ ਉਹ ਬਾਗੀ ਨਾ ਹੋ ਜਾਵੇ । ਇਨਸਾਨ ਦਾ ਬੱਚਾ ਵੀ ਸ਼ੁਰੂ ਵਿਚ ਨਿਰਾ ਵਹਿਸ਼ੀ ਹੁੰਦਾ ਹੈ । ਕੁੱਤਿਆਂ, ਬਿੱਲਿਆਂ, ਸ਼ੇਰਾਂ, ਚੀਤਿਆਂ ਨੂੰ ਹੌਲੀ ਹੌਲੀ ਸਿਆਣਪ ਨਾਲ ਮਰਯਾਦਾ ਸਿਖਾਈ ਜਾ ਸਕਦੀ ਹੈ । ਹੂ-ਬ-ਹੂ ਉਸੇ ਤਰ੍ਹਾਂ ਇਨਸਾਨ ਦੇ ਬੱਚੇ ਨਾਲ ਕਰਨਾ ਜ਼ਰੂਰੀ ਹੈ । ਬੱਚਾ ਵੀ ਹਰ ਬੰਧਨ, ਹਰ ਮਰਯਾਦਾ ਦੇ ਸੁਭਾਵਕ ਖਿਲਾਫ ਹੁੰਦਾ ਹੈ । ਏਸ ਦੀ ਵਹਿਸ਼ਤ ਦਾ ਸਤਕਾਰ ਕਰ ਕੇ, ਬੜੇ ਸਬਰ ਨਾਲ ਬਾਰ ਬਾਰ ਕੋਸ਼ਿਸ਼ ਕਰ ਕੇ ਹੀ ਮਰਯਾਦਾ ਸਿਖਾਈ ਜਾ ਸਕਦੀ ਹੈ । ਜਿਹੜੇ ਮਾਪੇ ਸਿਰਫ ਉਪਦੇਸ਼ ਨਾਲ, ਹੁਕਮ ਜਾਂ ਡਰਾਵੇ ਨਾਲ ਮਰਯਾਦਾ ਸਿਖਾਣਾ ਚਾਹੁੰਦੇ ਹਨ, ਉਹ ਕਾਮਯਾਬ ਨਹੀਂ ਹੁੰਦੇ । ਨਵਾਂ ਕੁੱਤਾ ਸੰਗਲੀ ਨਹੀਂ ਸਹਾਰਦਾ । ਉਹਨੂੰ ਥੋੜਾ ਥੋੜਾ ਕਰਕੇ ਸੰਗਲੀ ਦੀ ਗੇਝ ਪਾਈ ਜਾਂਦੀ ਹੈ । ਜਿਨ੍ਹਾਂ ਨੇ ਘਰ ਵਿਚ ਜਾਨਵਰਾਂ ਨੂੰ ਸਿਖਲਾਇਆ ਹੈ, ਉਹ ਬੱਚੇ ਦੀ ਸਿਖਲਾਈ ਦਾ ਰਾਜ ਸਮਝ ਸਕਦੇ ਹਨ ।

ਜਿਹੜਾ ਬੱਚਾ ਬਿਨਾਂ ਜ਼ਰੂਰਤ ਚੋਰੀ ਕਰਦਾ ਹੈ, ਉਹ ਸਿਰਫ ਮਾਪਿਆਂ ਦੀ ਮਰਯਾਦਾ ਦੇ ਖਿਲਾਫ ਬਗਾਵਤ ਦਾ ਝੰਡਾ ਖੜਾ ਕਰਦਾ ਹੈ, ਉਹ ਦੱਸਣਾ ਚਾਹੁੰਦਾ ਹੈ ਕਿ ਉਹ ਖੁਸ਼ ਨਹੀਂ । ਕਈ ਵਾਰੀ ਏਸ ਨਾਖੁਸ਼ੀ ਦਾ ਕਾਰਣ ਉਹਦਾ ਛੋਟਾ ਜਾਂ ਵੱਡਾ ਭਰਾ ਜਾਂ ਉਹਦੀ ਛੋਟੀ ਜਾਂ ਵੱਡੀ ਭੈਣ ਹੁੰਦੀ ਹੈ । ਇਹਨਾਂ ਵਿਚ ਈਰਖਾ ਪੈਦਾ ਹੋ ਜਾਂਦੀ ਹੈ, ਤੇ ਮਾਪੇ ਕਈ ਵਾਰੀ ਦੋਹਾਂ ਦਾ ਮੁਕਾਬਲਾ ਕਰਕੇ ਏਸ ਈਰਖਾ ਨੂੰ ਹੋਰ ਵਧਾ ਦੇਂਦੇ ਹਨ । ਜਦੋਂ ਉਤੋ-ੜਿੱਤੀ ਦੇ ਬੱਚਿਆਂ ਵਿਚ ਇਸ ਤਰ੍ਹਾਂ ਦੀ ਅਣ-ਬਣ ਦਿੱਸੇ ਤਾਂ ਬੜੀ ਇਹਤਿਆਤ ਨਾਲ ਦੋਹਾਂ ਦੀ ਖੁਦ-ਮੁਖਤਾਰੀ ਨੂੰ ਸੁਰਖਿਅਤ ਰਖਣਾ ਚਾਹੀਦਾ ਹੈ ।

ਚੋਰੀ, ਸ਼ਰਾਰਤ, ਰੁਸੇਵਾਂ ਸਭ ਅਸੁਰਖਿਅਤ ਮਹਿਸੂਸ ਕਰਨ ਦੀਆਂ ਨਿਸ਼ਾਨੀਆਂ ਹਨ । ਇਹਨਾਂ ਨੂੰ ਚਿਤਾਵਨੀ ਸਮਝਣਾ ਚਾਹੀਦਾ ਹੈ, ਇਹਨਾਂ ਤੋਂ ਫਿਕਰਮੰਦ ਜਾਂ ਨਿਰਾਸ ਨਹੀਂ ਹੋਣਾ ਚਾਹੀਦਾ । ਇਹ ਸ਼ੁਰੂ ਵਿਚ ਫੌਰਨ ਹਟ ਸਕਦੇ ਹਨ । ਜ਼ਰੂਰੀ ਗੱਲ ਇਹ ਹੈ ਕਿ ਇਹਨਾ ਬਾਰੇ ਬੱਚੇ ਨੂੰ ਨਾ ਝਿੜਕਿਆ ਜਾਏ, ਨਾ ਸਜ਼ਾ ਦਿੱਤੀ ਜਾਏ, ਨਾ ਨਾਰਾਜ਼ ਹੋਇਆ ਜਾਏ । ਇਹ ਕਿਸੇ ਕਾਰਣ ਦਾ ਪ੍ਰਤਿਕਰਮ ਹਨ, ਉਹ ਕਾਰਣ ਢੂੰਡ ਕੇ ਦੂਰ ਕੀਤਾ ਜਾਏ ।

ਜਦੋਂ ਬੱਚਾ ਚੋਰੀ ਕਰੇ ਤਾਂ ਉਹਨੂੰ ਸ਼ਰਮਿੰਦਾ ਨਾ ਕੀਤਾ ਜਾਏ, ਸਗੋਂ ਉਸ ਵੇਲੇ ਦੇਖ ਕੇ ਅਣਡਿੱਠ ਕਰਨਾ ਹੀ ਚੰਗਾ ਅਸਰ ਰਖਦਾ ਹੈ, ਤਾਂ ਕਿ ਚੋਰ ਸਾਬਤ ਹੋਣ ਦਾ ਧੱਕਾ ਉਹਨੂੰ ਨਾ ਲੱਗੇ । ਓਸ ਦੇ ਬਾਅਦ ਉਸ ਨੂੰ ਪੁੱਛਿਆ ਜਾਏ ਕਿ ਉਹ ਨਾਖੁਸ਼ ਤਾਂ ਨਹੀਂ, ਕਿਸੇ ਗੱਲੋਂ ਮਾਪਿਆਂ ਨੂੰ ਬੇ-ਇਨਸਾਫ ਤਾਂ ਨਹੀਂ ਸਮਝਦਾ । ਕਈ ਬੱਚੇ ਸਿਰਫ ਆਪਣੇ ਮਾਪਿਆਂ ਨੂੰ ਸਜ਼ਾ ਦੇਣ ਲਈ ਚੋਰੀ ਕਰਦੇ ਹਨ । ਇਹਨਾਂ ਬੱਚਿਆਂ ਦੇ ਦਿਲੋਂ ਜਿੰਨਾ ਚਿਰ ਇਹ ਖਿਆਲ ਕੱਢਿਆ ਨਾ ਜਾਏ ਕਿ ਇਹਨਾਂ ਦੇ ਮਾਪੇ ਬੇ-ਇਨਸਾਫੀ ਕਰਦੇ ਹਨ, ਓਨਾ ਚਿਰ ਬੱਚੇ ਚੋਰੀ ਨਹੀਂ ਛੱਡਣਗੇ ।

ਪਤਾ ਕਰੋ : ਕੀ ਛੋਟੇ ਜਾਂ ਵੱਡੇ ਭੈਣ ਭਰਾ ਦੀ ਈਰਖਾ ਤਾਂ ਨਹੀਂ ? ਉਪਰਲਾ ਜਾਂ ਹੇਠਲਾ ਭੈਣ ਭਰਾ ਜੇ ਕੁਝ ਚੁਸਤ ਤੇ ਪਿਆਰਾ ਹੋਵੇ, ਲੋਕ ਉਹਦਾ ਜ਼ਿਕਰ ਬਹੁਤ ਕਰਨ, ਤਾਂ ਵੀ ਇਹ ਆਦਤ ਪੈ ਜਾਂਦੀ ਹੈ । ਕੀ ਮਰਯਾਦਾ ਕੁਝ ਸਖਤ ਤਾਂ ਨਹੀਂ ? ਤੁਸੀਂ ਜਿਹੋ ਜਿਹੀ ਮਰਯਾਦਾ ਚਾਹੋ ਸਿਖਾ ਸਕਦੇ ਹੋ — ਸ਼ੇਰਾਂ ਨੂੰ ਬਕਰੀਆਂ ਨਾਲ ਖਿਡਾ ਸਕਦੇ ਹੋ — ਪਰ ਇਕਦਮ ਨਹੀਂ — ਤੁਹਾਨੂੰ ਸਭ ਕੁਝ ਡੰਡਿਓ ਡੰਡੇ ਚੜ੍ਹਨਾ ਪਵੇਗਾ — ਕੀ ਬੱਚੇ ਦੀ ਹੌਂਸਲਾ ਅਫਜ਼ਾਈ ਹੋ ਰਹੀ ਹੈ ? ਹਰ ਬੱਚਾ ਹੌਂਸਲਾ-ਅਫਜ਼ਾਈ ਮੰਗਦਾ ਹੈ — ਖੁਰਾਕ ਨਾਲੋਂ ਵੀ ਵਧੇਰੇ । ਉਹਦੇ ਸਕੂਲ ਦੇ ਕੰਮ ਵਿਚ ਮਾਪਿਆਂ ਦੀ ਦਿਲਚਸਪੀ ਹੋਵੇ, ਉਹਦੀਆਂ ਖੇਡਾਂ ਤੇ ਉਹਦੇ ਦੋਸਤਾਂ ਵਿਚ ਵੀ । ਜਿਹੜੇ ਮਾਪੇ ਬੱਚਿਆਂ ਦੀ ਸਮੁੱਚੀ ਜ਼ਿੰਦਗੀ ਵਿਚ ਦਿਲਚਸਪੀ ਨਹੀਂ ਦੱਸਦੇ, ਉਹਨਾਂ ਦੇ ਬੱਚੇ ਕਈ ਖੁਫੀਆ ਆਦਤਾਂ ਦਾ ਸ਼ਿਕਾਰ ਹੋ ਜਾਂਦੇ ਹਨ ।

ਝਿੜਕ, ਗਾਲ੍ਹ, ਨਿਰਾਦਰ — ਚੋਰੀ ਦੀ ਰੁਚੀ ਪੈਦਾ ਕਰਦੇ ਹਨ ।

ਬੱਚੇ ਨੂੰ ਯਕੀਨ ਹੋਵੇ ਕਿ ਉਹ ਘਰ ਵਿਚ ਲੋੜੀਂਦਾ ਹੈ, ਉਹਦਾ ਸਤਿਕਾਰ ਹੈ, ਉਹਦੇ ਉਤੇ ਘਰ ਉਮੈਦਾਂ ਰਖਦਾ ਹੈ, ਉਹਦੇ ਮਾਪੇ ਇਨਸਾਫ ਕਰਨਾ ਚਾਹੁੰਦੇ ਹਨ, ਖੁਦਗਰਜ਼ ਨਹੀਂ ਹਨ । ਬੱਚਿਆਂ ਦੀ ਖੁਸ਼ੀ ਦਾ ਬੜਾ ਲਿਹਾਜ਼ ਕਰਦੇ ਹਨ । ਜਿਸ ਬੱਚੇ ਉਤੇ ਘਰ ਬਹੁਤੀ ਉਮੈਦ ਰੱਖਣੀ ਛੱਡ ਦੇਂਦਾ ਹੈ, ਉਹ ਬੱਚਾ ਦਿਨੋਂ-ਦਿਨ ਨਕਾਰਾ ਬਣਦਾ ਜਾਏਗਾ ।

ਮਾਪਿਆਂ ਦੇ ਦਿਲਾਂ ਵਿਚ ਇਕ ਬੜੀ ਭਾਰੀ ਗਲਤ-ਫਹਿਮੀ ਹੈ । ਉਹ ਸਮਝਦੇ ਹਨ ਕਿ ਬੱਚੇ ਧੁਰੋਂ ਹੀ ਚੰਗੇ ਜਾਂ ਧੁਰੋਂ ਹੀ ਖਰਾਬ ਜੰਮਦੇ ਹਨ । ਹਰਗਿਜ਼ ਨਹੀਂ । ਬੱਚੇ ਚੰਗੇ ਜਾਂ ਮੰਦੇ ਘਰ ਵਿਚ ਬਣਾਏ ਜਾਂਦੇ ਹਨ, ਇਹ ਖਿਆਲ ਵੀ ਦਰੁਸਤ ਨਹੀਂ ਕਿ ਬੱਚੇ ਦੂਜੇ ਬੱਚਿਆਂ ਦੀ ਸੁਹਬਤ ਨਾਲ ਵਿਗੜਦੇ ਹਨ । ਬੱਚਿਆਂ ਦੀਆਂ ਰੁਚੀਆਂ ਸਿਰਫ ਘਰ ਵਿਚ ਹੀ ਪੈਦਾ ਹੁੰਦੀਆਂ ਹਨ, ਤੇ ਉਹ ਆਪਣੀ ਰੁਚੀ ਅਨੁਸਾਰ ਹੀ ਬਾਹਰਲੀ ਸੁਹਬਤ ਢੂੰਡਦੇ ਹਨ । ਜੋ ਕੁਝ ਤੁਹਾਡਾ ਬੱਚਾ ਹੈ, ਉਹ ਤੁਹਾਡੇ ਘਰ ਦਾ ਹੀ ਨਮੂਨਾ ਹੈ ।

ਬੱਚਾ ਜਿਹੋ ਜਿਹਾ ਚਾਹੋ, ਬਣ ਸਕਦਾ ਹੈ, ਪਰ ਨਾਲ ਹੀ ਮਾਪਿਆਂ ਨੂੰ ਉਹੋ ਜਿਹਾ ਬਣਨਾ ਪਵੇਗਾ । ਚੰਗੇ ਬੱਚਿਆਂ ਲਈ ਨਿਰੀ ਰੀਝ ਕਾਫੀ ਨਹੀਂ ਉਹਨਾਂ ਲਈ ਨਮੂਨਾ ਬਣਨ ਦੀ ਮਿਹਨਤ ਤੇ ਸਿਆਣਪ ਬਹੁਤ ਜ਼ਰੂਰੀ ਹਨ ।

ਮੂਰਤੀ ਤੋਂ ਭਿੱਖਿਆ

ਯੂਨਾਨ ਦੇ ਮਹਾਨ ਵਿਦਵਾਨ ਡਾਇਉਜਿਨੀਸ ਏਨੇ ਸਾਦਗੀ-ਪਸੰਦ ਸਨ ਕਿ ਉਹ ਇਕ ਝੌਂਪੜੀ ਵਿਚ ਰਹਿ ਕੇ ਜੀਵਨ ਗੁਜ਼ਾਰਦੇ ਸਨ ।

ਇਕ ਦਿਨ ਇਕ ਪਰਦੇਸੀ ਉਹਨਾਂ ਨੂੰ ਮਿਲਣ ਵਾਸਤੇ ਆਇਆ । ਅਜੇ ਉਹ ਝੌਂਪੜੀ ਤੋਂ ਬਾਹਰ ਹੀ ਸੀ ਕਿ ਉਸ ਨੇ ਵੇਖਿਆ, ਡਾਇਉਜਿਨੀਸ ਇਕ ਪੱਥਰ ਦੀ ਮੂਰਤੀ ਕੋਲੋਂ ਭਿੱਖਿਆ ਮੰਗ ਰਹੇ ਸਨ ।

ਪਰਦੇਸੀ ਇਹ ਵੇਖ ਕੇ ਹੈਰਾਨ ਰਹਿ ਗਿਆ । ਉਸ ਨੇ ਡਾਇਉਜਿਨੀਸ ਨੂੰ ਪੁੱਛਿਆ, "ਤੁਸੀਂ ਇਸ ਪੱਥਰ ਦੀ ਮੂਰਤੀ ਕੋਲੋਂ ਭਿੱਖਿਆ ਮੰਗ ਰਹੇ ਹੋ, ਕੀ ਇਹ ਮੂਰਤੀ ਤੁਹਾਨੂੰ ਕੋਈ ਭਿੱਖਿਆ ਦੇਵੇਗੀ ?"

ਡਾਇਉਜਿਨੀਸ ਨੇ ਉੱਤਰ ਦਿਤਾ, "ਮੈਂ ਇਸ ਮੂਰਤੀ ਕੋਲੋਂ ਭਿੱਖਿਆ ਮੰਗ ਕੇ ਇਹ ਸਿਖ ਰਿਹਾ ਹਾਂ ਕਿ ਜੇ ਕਿਸੇ ਦਿਨ ਮੈਨੂੰ ਕਿਸੇ ਆਦਮੀ ਕੋਲੋਂ ਭਿੱਖਿਆ ਮੰਗਣੀ ਪਵੇ ਅਤੇ ਉਹ ਭਿੱਖਿਆ ਦੇਣ ਤੋਂ ਨਾਂਹ ਕਰ ਦੇਵੇ ਤਾਂ ਉਸ ਹਾਲਤ ਵਿਚ ਕਿਸ ਤਰ੍ਹਾਂ ਆਪਣੇ ਦਿਲ 'ਤੇ ਕਾਬੂ ਪਾਉਣਾ ਚਾਹੀਦਾ ਹੈ !"

— ਰਾਜਕੁਮਾਰ ਸਕੋਲੀਆ

ਪੰਨਾ 15 ਦੀ ਬਾਕੀ


ਇਸ ਦਾ ਪਤਾ ਨਹੀਂ ਲੱਗ ਸਕਿਆ । ਸ਼ਾਇਦ ਇਸ ਸ਼ੋਸ਼ੇਬਾਜ਼ੀ ਦਾ ਮਕਸਦ ਹੀ ਦਰਸ਼ਕਾਂ ਨੂੰ ਗੈਰ ਨਾਟਕੀ, ਪਰ ਨਿਰੋਲ ਪੇਂਡੂ ਸਭਿਆਚਾਰ ਦੇ ਦਰਸ਼ਨ ਕਰਵਾ ਕੇ ਵਾਹ ਵਾਹ ਖੱਟਣਾਂ ਸੀ । ਰਾਣੀ ਬਲਬੀਰ ਕੌਰ ਨੇ ਮਿਰਜ਼ੇ ਅਤੇ ਸਾਹਿਬਾਂ ਦੇ ਪ੍ਰੇਮ ਪ੍ਰਸੰਗਾਂ ਨੂੰ ਜਿੰਨੀ ਚੰਗੀ ਤਰ੍ਹਾਂ ਬੰਨਿਆ ਹੈ, ਓਨੀ ਚੰਗੀ ਤਰ੍ਹਾਂ ਉਹ ਬਾਣੀਏ ਅਤੇ ਕਰਮੂ ਬਾਹਮਣ ਦੇ ਦ੍ਰਿਸ਼ਾਂ ਨੂੰ ਨਹੀਂ ਬੰਨ੍ਹ ਸਕੀ । ਇਹ ਦੋਵੇਂ ਸੀਨ ਬੇਲੋੜੇ ਲਮਕਾਏ ਗਏ ਅਤੇ ਇਨ੍ਹਾਂ ਨਾਟਕ ਦੀ ਤੋਰ ਵਿਚ ਰੁਕਾਵਟਾਂ ਪੈਦਾ ਕੀਤੀਆਂ ।

ਸਭ ਤੋਂ ਵੱਧ ਪਸੰਦ ਕੀਤਾ ਗਿਆ ਰੀਟਾ ਸ਼ਰਮਾ ਦਾ ਨਾਟਕ "ਗੁੱਡਮੈਨ ਦੀ ਲਾਲਟੈਨ ।" ਦਿੱਲੀ ਵਿੱਚਲਾ ਸ਼ੋਅ ਇਸ ਨਾਟਕ ਦਾ 54ਵਾਂ ਸ਼ੋਅ ਸੀ । ਇਸ ਦਿਨ ਦਰਸ਼ਕਾਂ ਦੀ ਗਿਣਤੀ ਪਹਿਲੇ ਸਾਰੇ ਦਿਨਾਂ ਨਾਲੋਂ ਵੱਧ ਸੀ, ਪਰ ਨਾਟਕ ਖਤਮ ਹੋਣ ਤੋਂ ਬਾਅਦ ਰੀਟਾ ਵਲੋਂ ਕੀਤੇ ਗਏ ਭਾਸ਼ਣ ਤੋਂ ਵੀ ਦਰਸ਼ਕ ਬੋਰ ਨਹੀਂ ਹੋਏ, ਸਗੋਂ ਅੰਤਿਮ ਸਮੇਂ ਤਕ ਬੈਠੇ/ਖੜ੍ਹੇ ਰਹੇ । ਸਿਆਸੀ, ਸਮਾਜੀ ਤੇ ਆਰਥਿਕ ਸਾਰੇ ਪੱਖਾਂ ਬਾਰੇ ਵਰਤਮਾਨ ਸੰਦਰਭ ਵਿਚ ਤਿੱਖੀ ਚੋਭ ਕਰਨ ਵਾਲਾ ਇਹ ਨਾਟਕ ਸ਼ਾਇਦ ਮਕਬੂਲ ਹੀ ਇਸੇ ਕਾਰਨ ਹੋਇਆ ਹੈ ਕਿ ਇਸ ਵਿਚ ਕਿਸੇ ਨੂੰ ਵੀ ਬਖਸ਼ਿਆ ਨਹੀਂ ਗਿਆ । ਖਾਸ ਜ਼ੋਰ ਪੰਜਾਬ ਦੀ ਸਥਿਤੀ ਉਤੇ ਦਿੱਤਾ ਗਿਆ ਅਤੇ ਰੀਟਾ ਅਜਿਹਾ ਕਰਦੇ ਸਮੇਂ ਆਪਣੇ ਨਾਟਕ ਨੂੰ ਇਤਿਹਾਸਕ/ਮਿਥਿਹਾਸਕ ਸੰਦਰਭ ਵਿਚੋਂ ਕੱਢ ਕੇ ਫੌਰੀ ਪੱਤਰਕਾਰਿਤਾ ਵਾਲੇ ਸੰਦਰਭ ਵਿਚ ਲੈ ਆਉਂਦੀ ਹੈ । ਇਹੀ ਇਸ ਨਾਟਕ ਦੀ ਸਫਲਤਾ ਦਾ ਕਾਰਨ ਹੈ । ਉਸ ਦਾ ਨਾਟਕ ਇਕ ਵਗਦਾ ਵਹਿਣ ਹੈ ਜਿਸ ਵਿਚ ਹਰ ਤਾਜ਼ਾ ਘਟਨਾ ਅਤੇ ਸਥਿਤੀ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ ਅਤੇ ਰੀਟਾ ਸ਼ਰਮਾ ਅਜਿਹਾ ਕਰਦੀ ਵੀ ਹੈ । ਨਾਟਕ ਦਾ ਵੱਡਾ ਹਿੱਸਾ ਇਸੇ ਕਿਸਮ ਦੀ ਤਨਜ਼ਬਾਜ਼ੀ ਵਿਚ ਲੰਘਦਾ ਹੈ ਅਤੇ ਅੰਤ ਵਿਚ ਹੀ ਕਿਤੇ ਜਾ ਕੇ ਨਾਟਕ ਦੀ "ਅਸਲੀ" ਕਹਾਣੀ ਆਰੰਭ ਹੁੰਦੀ ਹੈ । ਪਰ ਫਿਰ ਵੀ ਦਰਸ਼ਕ ਅੰਤ ਤਕ ਇਸ ਨੂੰ ਮਾਣਦੇ ਹਨ । ਸਕਰਿਪਟ ਵਾਂਗ ਹੀ ਨਿਰਦੇਸ਼ਨ ਵੀ ਕਾਫੀ ਲਚਕਸ਼ੀਲ ਹੈ ਅੰਤੇ ਕਈ ਵਾਰੀ ਲਗਦਾ ਹੈ ਕਿ ਕਟਾਖਸ਼ ਮੌਕੇ 'ਤੇ ਹੀ ਘੜਿਆ ਗਿਆ ਹੈ ।

ਦਿੱਲੀ ਦੇ ਗੰਭੀਰ ਨਾਟਕ ਦਰਸ਼ਕਾਂ ਦਾ ਕਹਿਣਾ ਹੈ ਕਿ ਭਾਵੇਂ ਇਤਿਹਾਸ 'ਚੋਂ ਕੱਢ ਕੇ ਰੁਮਾਂਟਕ ਪਾਤਰਾਂ ਦੀ ਕਹਾਣੀ ਪੇਸ਼ ਕਰਨਾ ਮਾੜੀ ਗੱਲ ਨਹੀਂ, ਪਰ ਨਾਟਕਕਾਰ ਅਤੇ ਨਾਟਕ ਪੇਸ਼ਕਾਰ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਤਾਂ ਹੀ ਨਿਭਾ ਸਕਦਾ ਹੈ ਜੇਕਰ ਉਹ ਸਮੇਂ ਦੀਆਂ ਸਮੱਸਿਆਵਾਂ ਨੂੰ ਵੀ ਪੇਸ਼ ਕਰੇ । ਇਸ ਸੰਦਰਭ ਵਿਚ ਦਿੱਲੀ ਦਾ ਇਹ ਮਹਿਲਾ ਨਿਰਦੇਸ਼ਕਾਂ ਦਾ ਪੰਜਾਬੀ ਰੰਗਮੰਚ ਮੇਲਾ, ਭਾਵੇਂ ਕੁਝ ਹੱਦ ਤਕ ਹੀ ਸਹੀ, ਸਫਲ ਰਿਹਾ ਹੈ ਕਿਉਂਕਿ ਪੰਜ ਨਾਟਕਾਂ ਵਿਚੋਂ ਸਿਰਫ ਦੋ ਹੀ ਰੁਮਾਂਟਕ ਕਥਾਵਾਂ ਵਾਲੇ ਸਨ । ਭਵਿੱਖ ਵਿਚ ਹੋਣ ਵਾਲੇ ਮੇਲਿਆਂ ਵਿਚ ਸ਼ਾਇਦ ਹੋਰ ਬਿਹਤਰ ਨਾਟਕ ਪੇਸ਼ ਹੋ ਸਕਣ ।



21ਵੇਂ ਪੰਜਾਬ ਰਾਜ ਕੁਸ਼ਤੀ ਮੁਕਾਬਲੇ



ਫਗਵਾੜੇ ਦਾ ਸੰਨੀ ਪਹਿਲਵਾਨ ਬਿਜਲੀ ਬੋਰਡ ਦੇ ਨਰਿੰਦਰ ਸਿੰਘ ਦੀ ਢੂਹੀ ਲਾਉਂਦਾ ਹੋਇਆ

—ਮਨਜੀਤ ਸਿੰਘ ਰੱਤੂ—

ਪਿਛਲੇ ਦਿਨੀਂ ਇਤਿਹਾਸਕ ਸ਼ਹਿਰ ਜਲੰਧਰ ਵਿਚ ਪੰਜਾਬ ਰਾਜ ਦੇ 21ਵੇਂ ਕੁਸ਼ਤੀ ਮੁਕਾਬਲੇ ਰਾਇਜ਼ਾਦਾ ਹੰਸ ਰਾਜ ਸਟੇਡੀਅਮ ਜਲੰਧਰ ਵਿਚ ਕਰਵਾਏ ਗਏ। ਰਾਜ ਭਰ ਤੇ ਦੇਸ਼ ਵਿਚੋਂ 100 ਤੋਂ ਵੱਧ ਪਹਿਲਵਾਨਾਂ ਨੇ ਕੁਸ਼ਤੀ ਦੇ ਜੌਹਰ ਵਿਖਾਏ। ਇਨ੍ਹਾਂ ਕੁਸ਼ਤੀਆਂ ਨੂੰ ਵੇਖ ਕੇ ਇਹ ਜਾਪਦਾ ਸੀ ਕਿ ਪੰਜਾਬ ਦੇ ਪਹਿਲਵਾਨ ਵਿਦੇਸ਼ਾਂ ਵਿਚ ਜ਼ਰੂਰ ਨਾਂ ਉਚਾ ਕਰਨਗੇ। ਇਸ ਮੁਕਾਬਲੇ ਵਿਚ ਪੰਜਾਬ ਰਾਜ ਬਿਜਲੀ ਬੋਰਡ ਦੇ ਪਹਿਲਵਾਨਾਂ ਨੇ ਇਕ ਤਰਫਾ ਮੁਕਾਬਲਾ ਕਰਦਿਆਂ ਹੋਰ ਕਿਸੇ ਵੀ ਜ਼ਿਲੇ ਦੇ ਪੈਰ ਨਹੀਂ ਲਗਣ ਦਿਤੇ। ਤੇ ਪਹਿਲੇ ਗੇੜ ਵਿਚ ਹੀ 31 ਅੰਕ ਪ੍ਰਾਪਤ ਕਰਕੇ ਪਿਛਲੇ ਸਾਲਾਂ ਵਾਂਗ ਚੈਂਪੀਅਨਸ਼ਿਪ ਜਿੱਤ ਗਏ। ਕਪੂਰਥਲਾ ਜ਼ਿਲਾ 14 ਅੰਕ ਲੈ ਕੇ ਦੂਜੇ ਤੇ ਜ਼ਿਲਾ ਜਲੰਧਰ ਫਾਡੀ ਰਿਹਾ।

ਇਨ੍ਹਾਂ ਮੁਕਾਬਲਿਆਂ ਵਿਚ 62 ਕਿਲੋ ਭਾਰ ਵਿਚ ਰਾਜ ਬਿਜਲੀ ਬੋਰਡ ਦੇ ਮਲਕੀਅਤ ਸਿੰਘ ਨੇ ਮੋਹਨ ਸਿੰਘ ਨੂੰ ਕੁਸ਼ਤੀ ਦੇ ਪਹਿਲੇ ਰਾਊਂਡ ਵਿਚ ਹੀ ਜਿੱਤ ਲਿਆ। 68 ਕਿਲੋ ਭਾਰ ਵਿਚ ਬਿਜਲੀ ਬੋਰਡ ਦੇ ਬੇਅੰਤ ਸਿੰਘ ਦਾ ਮੁਕਾਬਲਾ ਅੰਮ੍ਰਿਤਸਰ ਦੇ ਸਲੀਮ ਮੁਹੰਮਦ ਨਾਲ ਏਇਆ। ਸਲੀਮ ਰੁਸਤਮੇ ਹਿੰਦ ਵਿਜੈ ਕੁਮਾਰ ਦਾ ਛੋਟਾ ਭਾਈ ਹੈ। ਇਸ ਕੁਸ਼ਤੀ ਨੂੰ ਬੇਅੰਤ ਸਿੰਘ ਨੇ ਪੂਰੇ 14 ਅੰਕ ਸਿਰਫ ਦੇ ਮੁਕਾਬਲੇ ਲੈ ਕੇ ਜਿੱਤਿਆ। 74 ਕਿਲੋ ਦੇ ਮੁਕਾਬਲਿਆਂ ਵਿਚ ਜਗਦੇਵ ਸਿੰਘ ਲੁਧਿਆਣਾ ਤੇ ਬਿਜਲੀ ਬੋਰਡ ਦੇ ਕੁਲਦੀਪ ਸਿੰਘ ਵਿਚਕਾਰ ਕੁਸ਼ਤੀ ਹੋਈ। ਇਹ ਕੁਸ਼ਤੀ ਸਭ ਤੋਂ ਵਧੀਆ ਕੁਸ਼ਤੀ ਮੰਨੀ ਗਈ। ਬਿਜਲੀ ਬੋਰਡ ਦੇ ਕੁਲਦੀਪ ਸਿੰਘ ਨੇ ਤਿੰਨ ਦੇ ਮੁਕਾਬਲੇ ਪੰਜ ਅੰਕ ਲੈ ਕੇ ਜਗਦੇਵ ਨੂੰ ਚਿੱਤ ਕੀਤਾ। 82 ਕਿਲੋਗਰਾਮ ਭਾਰ ਵਿਚ ਜਲੰਧਰ ਦਾ ਪਿਆਰਾ ਸਿੰਘ ਤੇ ਬਿਜਲੀ ਬੋਰਡ ਦਾ ਤਰਲੋਚਨ ਸਿੰਘ ਸੀ। ਇਨ੍ਹਾਂ ਦਾ ਮੁਕਾਬਲਾ ਵੀ ਬੜਾ ਫਸਵਾਂ ਸੀ। ਜਲੰਧਰ ਦੇ ਪਿਆਰਾ ਸਿੰਘ ਨੇ ਤਰਲੋਚਨ ਸਿੰਘ ਨੂੰ ਭੂਆ ਸੁੱਟਿਆ। ਅਖੀਰ ਪਿਆਰਾ ਸਿੰਘ ਜਿੱਤ ਗਿਆ। 90 ਕਿਲੋ ਦੇ ਵਜ਼ਨ ਵਿਚ ਤੇਜਿੰਦਰ ਸਿੰਘ ਤੇ ਅਮਰੀਕ ਸਿੰਘ ਦਾ ਮੁਕਾਬਲਾ ਹੋਇਆ। ਇਹ ਮੁਕਾਬਲਾ ਪੂਰਾ ਬਰਾਬਰ ਦਾ ਸੀ। ਪਰ ਅਮਰੀਕ ਨੇ ਇਕ ਅੰਕ ਵੱਧ ਲੈ ਕੇ ਜਿੱਤ ਪ੍ਰਾਪਤ ਕਰ ਲਈ। 100 ਕਿਲੋ ਦੀ ਕੁਸ਼ਤੀ ਵਿਚ ਬਿਜਲੀ ਬੋਰਡ ਦਾ ਸਲਵਿੰਦਰ ਸਿੰਘ ਜਿਹੜਾ ਰੂਸ ਤੋਂ ਕੁਸ਼ਤੀ ਦੀ ਟਰੇਨਿੰਗ ਲੈ ਕੇ ਆਇਆ ਸੀ ਦਾ ਮੁਕਾਬਲਾ ਸੰਗਰੂਰ ਦੇ ਮੁਹੰਮਦ ਸ਼ਰੀਫ ਨਾਲ ਹੋਇਆ। ਸਲਵਿੰਦਰ ਨੇ ਪਹਿਲੇ ਰਾਊਂਡ ਵਿਚ ਹੀ ਮੁਹੰਮਦ ਸ਼ਰੀਫ ਨੂੰ ਹਰਾ ਦਿਤਾ 100 ਕਿਲੋਗਰਾਮ ਦੀ ਕੁਸ਼ਤੀ ਵਿਚ ਸੰਨੀ ਗਿੱਲ ਉਚ ਕੋਟੀ ਦਾ ਪਹਿਲਵਾਨ ਰਹਿ ਚੁਕਾ ਹੈ। ਹੁਣੇ ਹੀ ਪਾਸਿਤਾਨ ਤੇ ਤਹਿਰਾਨ ਦਾ ਦੌਰਾ ਕਰਕੇ ਪਰਤਿਆ ਹੈ। ਇਨ੍ਹਾਂ ਮੁਲਕਾਂ ਵਿਚੋਂ ਗੋਲਡ ਮੈਡਲ ਜਿੱਤ ਕੇ ਲਿਆਇਆ ਹੈ। ਉਹਦਾ ਮੁਕਾਬਲਾ ਬਿਜਲੀ ਬੋਰਡ ਦੇ ਨਰਿੰਦਰ ਸਿੰਘ ਨਾਲ ਹੋਇਆ। ਇਹ ਕੁਸ਼ਤੀ ਵੀ ਬਹੁਤ ਦਿਲਕਸ਼ ਸੀ। ਅਖੀਰ ਸੰਨੀ ਨੇ ਨਰਿੰਦਰ ਨੂੰ ਹਰਾ ਦਿਤਾ। ਜਲੰਧਰ ਸ਼ਹਿਰ ਦੇ ਸ਼ਹਿਰੀਆਂ ਨੇ ਜੀ. ਟੀ. ਰੋਡ ਤੇ ਇਨ੍ਹਾਂ ਕੁਸ਼ਤੀਆਂ ਦਾ ਆਨੰਦ ਮਾਣਿਆ। ਅਖੀਰ ਵਿਚ ਇਨਾਮ ਦੀ ਵੰਡ ਸ੍ਰੀ ਕੇ ਐਸ ਮਿਨਹਾਸ ਆਈ ਏ ਐਸ ਪ੍ਰਧਾਨ ਪੰਜਾਬ ਕੁਸ਼ਤੀ ਐਸੋਸੀਏਸ਼ਨ ਨੇ ਕੀਤੀ।

ਧੂੰਏਂ ਦੀ ਮਹਿੰਦੀ

ਨਜ਼ਮਾਂ ਵਰਗੀਆਂ ਕੁੜੀਆਂ
ਦੇ ਹੱਥੀਂ ਕਲਮਾਂ ਸਨ
ਉਹ ਗੀਤ ਲਿਖਦੀਆਂ
ਫੁੱਲਾਂ ਦੇ, ਹਾਦਸਿਆਂ ਦੇ
ਜਜ਼ਬਿਆਂ ਦੇ, ਉਲਾਂਭਿਆ ਦੇ
ਪਿਆਰ ਦੇ ਤੇ ਬਿਹਰਾ ਦੇ

ਹਵਾ ਵਿਚ ਜਦ ਉਠਿਆ
ਬਾਰੂਦ ਦਾ ਧੂੰਆਂ
ਹੌਕੇ, ਹਾਵੇ ਤੇ ਕੁਰਲਾਹਟਾਂ
ਬੇਪਤੀਆਂ, ਬੇਇਜ਼ਤੀਆਂ
ਬੇਜ਼ੁਬਾਨ ਮਾਸੂਮ ਸਿਸਕੀਆਂ
ਜ਼ੁਲਮ ਇਕ ਵਹਿਸਤ

ਇਹ ਧੂੰਆਂ ਕਲਮਾਂ ਰਾਹੀਂ
ਕਾਗਜ਼ਾਂ 'ਤੇ ਉਤਰਿਆ
ਧੂੰਏਂ ਦੀ ਕਾਲਖ ਦੀ ਮਹਿੰਦੀ
ਕਾਗਜ਼ਾਂ ਦੀਆਂ ਤਲੀਆਂ 'ਤੇ ਲੱਗੀ
ਮਹਿੰਦੀ ਦੇ ਮਾਸੂਮ ਰੰਗਲੇ ਗੀਤ
ਪੰਜਾਬੀ ਹੱਥਾਂ 'ਤੇ ਸਿਆਹ ਹੋ ਗਏ
ਇਹ ਕੰਜ ਕੁਆਰੇ ਹੱਥ
ਕਿਸੇ ਵੀ ਪ੍ਰਾਂਤ ਦੀਆਂ
ਲਾਡਲੀਆਂ ਦੇ ਹੋ ਸਕਦੇ ਹਨ

ਕਾਸ਼ ਇਨ੍ਹਾਂ ਹੱਥਾਂ ਉਤੇ
ਲਿਖਿਆ ਹੋਵੇ ਕੇਵਲ 'ਆਜ਼ਾਦੀ'
ਇਹ ਮਹਿੰਦੀ ਵਾਲੇ ਹੱਥ
ਜੁੜਨ, ਸਭ ਦੀ ਸੁੱਖ ਮੰਗਣ
ਸਾਡੇ ਖੇਤਾਂ ਵਿਚ ਫੇਰ
ਖੁਸ਼ੀ ਦਾ ਰੰਗ ਬਸੰਤੀ ਨੱਚੇ

ਹਰ ਕੰਜਕ ਦੇ ਹੱਥ
ਚੜ੍ਹੇ ਸ਼ਗਨਾਂ ਦੀ ਮਹਿੰਦੀ
ਨਜ਼ਮਾਂ ਵਰਗੀਆਂ ਕੁੜੀਆਂ.
ਫਿਰ ਰੰਗਲੇ ਅੱਖਰਾਂ ਵਿਚ ਲਿਖਣ
ਨਿੱਘੇ ਗੀਤ ਮੁਹੱਬਤ ਵਾਲੇ
ਗੀਤ ਧੜਕਦੀ ਜ਼ਿੰਦਗੀ ਵਾਲੇ

—ਅਮਰ ਜਿਉਤੀ

ਕਿਸਾਨ ਨਹਿਰ ਦਾ ਕੰਮ ਰੋਕਣਗੇ !

ਭਾਰਤੀ ਕਿਸਾਨ ਯੂਨੀਅਨ 'ਪੰਜਾਬ ਸਰਕਾਰ ਦੀ ਕਿਸਾਨਾਂ ਨਾਲ ਟਕਰਾਵ' ਵਾਲੀ ਨੀਤੀ ਦਾ ਮੁਕਾਬਲਾ ਕਰੇਗੀ ਅਤੇ ਮੰਤਰੀਆਂ ਨੂੰ ਰਾਜ ਵਿਚ ਘੁੰਮਣ ਨਹੀਂ ਦੇਵੇਗੀ। ਭਾਰਤੀ ਕਿਸਾਨ ਯੂਨੀਅਨ ਦੇ ਸਕੱਤਰ ਅਜੈਬ ਸਿੰਘ ਨੇ ਇਹ ਗੱਲ ਇਕ ਪ੍ਰੈਸ ਕਾਨਫਰੰਸ ਵਿਚ ਆਖੀ। ਉਹਨਾਂ ਕਿਹਾ ਪਟਿਆਲਾ ਦੇ ਚੂੰਨੀ ਪਿੰਡ ਵਿਚ ਇਕ ਰੈਲੀ ਕੀਤੀ ਜਾਵੇਗੀ ਜਿਸ ਵਿਚ ਪੰਜਾਬ ਭਰ ਦੇ ਕਿਸਾਨ ਭਾਗ ਲੈਣਗੇ। ਇਹ ਰੈਲੀ ਨਹਿਰ ਦੀ ਉਸਾਰੀ ਰੋਕਣ ਲਈ ਕੀਤੀ ਜਾਵੇਗੀ ਕਿਉਂਕਿ ਪੰਜਾਬ ਕੋਲ ਕੋਈ ਵਾਧੂ ਪਾਣੀ ਨਹੀਂ ਹੈ ਹਰਿਆਣੇ ਨੂੰ ਦੇਣ ਵਾਸਤੇ। ਨਹਿਰ ਦੀ ਉਸਾਰੀ ਲਈ ਅਕਾਲੀਆਂ ਨੇ ਖੁਦ 'ਕਪੂਰੀ ਮੋਰਚਾ' ਲਾਇਆ ਸੀ।

ਦਿੱਲੀ ਪੁਲਸ ਨੇ 468 ਕਿਲੋਗਰਾਮ ਚਰਸ ਫੜੀ

ਰਾਜਧਾਨੀ ਵਿਚ ਦਿੱਲੀ ਪੁਲੀਸ ਦੁਆਰਾ ਮਾਰੇ ਗਏ ਛਾਪੇ ਵਿਚ 468 ਕਿਲੋਗਰਾਮ ਚਰਸ ਫੜੀ ਜੋਕਿ ਇਕ ਮਿਸਾਲ ਹੈ ਕਿਉਂਕਿ ਐਨੀ ਵੱਡੀ ਮਿਕਦਾਰ ਵਿਚ ਕਦੀ ਵੀ ਕੋਈ ਨਸ਼ੀਲੀ ਸਾਮਗਰੀ ਨਹੀਂ ਫੜੀ ਗਈ। ਇਹ ਦਿੱਲੀ ਹਰਿਆਣਾ ਸੀਮਾ ਉਤੇ ਸਥਿਤ ਇਕ ਖੇਤ ਵਿਚੋਂ ਫੜੀ ਹੈ। ਦਿੱਲੀ ਪੁਲੀਸ ਨੇ ਪ੍ਰਤਾਪ ਸਿੰਘ ਨਾਮੀ ਇਕ ਆਦਮੀ ਨੂੰ ਕਾਫੀ ਭਜ ਦੌੜ ਪਿਛੋਂ ਫੜਿਆ ਤੇ ਜਦੋਂ ਉਸਦੇ ਅੱਠ ਏਕੜ ਦੇ ਫਾਰਮ ਤੇ ਜੋ ਮਿਠਾਪੁਰ ਦੱਖਣੀ ਦਿੱਲੀ ਵਿਚ ਹੈ ਤੇ ਛਾਪਾ ਮਾਰਿਆ ਤਾਂ ਇਹ ਚਰਸ ਫੜਿਆ। ਇਹ ਚਰਸ ਯੂਰਪ ਨੂੰ ਭੇਜਿਆ ਜਾਣਾ ਸੀ। ਡਿਪਟੀ ਪੁਲੀਸ ਕਮਿਸ਼ਨਰ ਨੇ ਕਿਹਾ ਕਿ ਉਸਨੂੰ ਪੂਰਾ ਯਕੀਨ ਸੀ ਕਿ ਪ੍ਰਤਾਪ ਸਿੰਘ ਦੀ ਪੁਛ ਗਿਛ ਕਰਨ ਨਾਲ ਕਾਫੀ ਮਾਲ ਮਿਲੇਗਾ। ਪ੍ਰਤਾਪ ਸਿੰਘ ਇਕ ਨਾਮੀ ਸਮਗਲਰ ਹੈ ਇਸਦੇ ਦੋ ਸਾਥੀ ਜਿਲੇਦਾਰ ਸਿੰਘ ਅਤੇ ਪ੍ਰਕਾਸ਼ ਵੀ ਗ੍ਰਿਫਤਾਰ ਹਨ। ਇਹ ਚਰਸ ਨੇਪਾਲ ਤੋਂ ਬਸਾਂ ਦੀਆਂ ਚੈਸ਼ੀਆਂ ਦੇ ਵਿਚ ਲੁਕੋ ਕੇ ਲਿਆਂਦੀ ਗਈ ਸੀ। ਇਹ ਪ੍ਰਤਾਪ ਸਿੰਘ ਰਾਵਲਪਿੰਡੀ ਤੋਂ ਇਥੇ ਆ ਕੇ ਵਸਿਆ ਤੇ ਇਹ ਬੰਬਈ ਵਿਚ ਟੈਕਸੀ ਵੀ ਚਲਾਉਂਦਾ ਰਿਹਾ ਹੈ ਤੇ ਹਾਜੀ ਮਸਤਾਨ ਦਾ ਸਾਥੀ ਵੀ ਰਿਹਾ ਹੈ।

ਫ਼ਿਲਮ-ਲੋਕ

ਪੰਜਾਬੀ ਫਿਲਮ ਸਨਅਤ ਨੇ ਮੁੜ ਅੰਗੜਾਈ ਭਰੀ



"ਗੱਭਰੂ ਪੰਜਾਬ ਦਾ" 'ਚ ਖਲਨਾਇਕ ਗੁੱਗੂ ਗਿੱਲ

"ਕੀ ਬਣੂੰ ਦੁਨੀਆਂ ਦਾ" 'ਚ ਮਿਹਰ ਮਿੱਤਲ ਤੇ ਗੁਰਦਾਸ ਮਾਨ

"ਯਾਰ ਗਰੀਬਾਂ ਦਾ" 'ਚ ਵਿਜੈ ਟੰਡਨ

ਪੰਜਾਬੀ ਫਿਲਮ ਸਨਅਤ ਅਜੇ ਪੱਕੇ ਪੈਰੀਂ ਨਹੀਂ ਹੈ ਇਸ ਲਈ ਮੌਸਮਾਂ ਦੀ ਫੇਰ-ਬਦਲ ਤੋਂ ਇਕ ਦਮ ਪ੍ਰਭਾਵਿਤ ਹੋ ਜਾਂਦੀ ਹੈ। ਇਕ ਫਿਲਮ ਚਲ ਨਿਕਲੇ ਤਾਂ ਦੇਖੋ ਦੇਖੀ ਪੰਜ-ਸੱਤ ਨਵੀਆਂ ਫਿਲਮਾਂ ਦਾ ਐਲਾਨ ਹੋ ਜਾਂਦਾ ਹੈ, ਇਕ ਫਿਲਮ ਫੇਲ੍ਹ ਹੋ ਜਾਵੇ ਤਾਂ ਨਿਰਮਾਣ ਅਧੀਨ ਦਸ ਗਿਆਰਾਂ ਦਾ ਤੋਰ ਪਹਿਲਾਂ ਨਾਲੋਂ ਵੀ ਮੱਠੀ ਹੋ ਜਾਂਦੀ ਹੈ। ਖੈਰ ....

ਇਹਨੀਂ ਦਿਨੀਂ ਪੰਜਾਬੀ ਫਿਲਮਾਂ ਵਾਲਿਆਂ 'ਚ ਮੁੜ ਜੋਸ਼-ਖਰੋਸ਼ ਦਿਖਾਈ ਦੇ ਰਿਹਾ ਹੈ। ਪਹਿਲਾਂ, ਮੁਕੰਮਲ ਹੋ ਚੁਕੀਆਂ ਤੇ ਰਿਲੀਜ਼ ਹੋਣ ਲਈ ਤਤਪਰ ਫਿਲਮਾਂ ਦੀ ਗੱਲ ਕਰ ਲਈਏ : ਮਰਹੂਮ ਗੀਤਕਾਰ ਇੰਦਰਜੀਤ ਤੁਲਸੀ ਦੇ ਲੜਕੇ ਉਤਮ ਤੁਲਸੀ ਦੀ 'ਯਾਰ ਗਰੀਬਾਂ ਦਾ" ਨਿਕਟ ਭਵਿਖ 'ਚ ਪਰਦੇ ਦੀ ਸ਼ੋਭਾ ਬਣ ਰਹੀ ਹੈ, ਇਸ ਦਾ ਹੀਰੋ ਕਿਰਕਟ ਖਿਡਾਰੀ ਯੋਗਰਾਜ ਹੈ ਤੇ ਹੀਰੋਇਨ ਦਲਜੀਤ ਕੌਰ। ਵਿਜੈ ਟੰਡਨ ਮੁਖ ਖਲਨਾਇਕ ਦਾ ਰੋਲ ਕੀਤਾ ਹੈ ਤੇ ਸਨਅਤੀ ਮਜ਼ਦੂਰਾਂ ਦਾ ਆਗੂ ਬਣ ਕੇ ਪੇਸ਼ ਹੋ ਰਿਹਾ ਹੈ। ਸਤੀਸ਼ ਭਾਖੜੀ ਦੇ ਨਿਰਦੇਸ਼ਨ 'ਚ ਬਣੀ "ਬਾਬਲ ਦਾ ਵਿਹੜਾ" ਵਿਚ ਸਤੀਸ਼ ਕੌਲ ਤੇ ਅਰਪਨਾ ਚੌਧਰੀ ਦੀ ਮੁਖ ਜੋੜੀ ਹੈ। ਚਰਿੱਤਰ ਰੋਲ 'ਚ ਦਾਰਾ ਸਿੰਘ ਨਜ਼ਰ ਆਵੇਗਾ। ਡਾਇਰੈਕਟਰ ਜਗਜੀਤ ਦੀ "ਗੱਭਰੂ ਪੰਜਾਬ ਦਾ" ਬਾਰੇ ਸੈਂਸਰ ਬੋਰਡ ਨੇ "ਮਾਰ ਧਾੜ ਦੀ ਬਹੁਲਤਾ" ਕਰਕੇ ਪਹਿਲਾਂ ਆਨਾਕਾਨੀ ਦਿਖਾਈ ਸੀ ਪਰ ਫੇਰ ਹਰੀ ਝੰਡੀ ਦੇ ਦਿੱਤੀ ਹੈ। ਇਸ ਦਾ ਹੀਰੋ ਗੁਰਦਾਸ ਮਾਨ ਹੈ। ਇਸ ਫਿਲਮ ਦੇ ਸੰਗੀਤਕ ਹੋਣ ਬਾਰੇ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਂਕਿ ਮਾਨ ਤੋਂ ਇਲਾਵਾ ਦੀਦਾਰ ਸੰਧੂ ਤੇ ਅਮਰ ਨੂਰੀ ਦੀਆਂ "ਬੋਲੀਆਂ" ਸੁਰਿੰਦਰ ਛਿੰਦੇ ਦਾ "ਜੱਗਾ ਜੰਮਿਆ" ਤੇ ਸਰਬਜੀਤ ਦਾ "ਕੋਕਾ" ਵੀ ਸੁਣਾਈ ਦੇਵੇਗਾ। ਗੁਗੂ ਗਿੱਲ ਇਸ ਫਿਲਮ 'ਚ ਖਲਨਾਇਕੀ ਦੇ ਲੰਮੇ ਰੋਲ ਵਿਚ ਪੇਸ਼ ਹੈ। ਪੰਜਾਬੀ ਕਲਾ ਮੰਚ ਲੁਧਿਆਣਾ ਦੀ "ਕੌਣ ਦਿਲਾਂ ਦੀਆਂ ਜਾਣੇ" ਦੀ ਜਜ਼ਬਾਤੀ ਕਹਾਣੀ ਹੈ। ਹੀਰੋਇਨ ਰਜਨੀ ਸ਼ਰਮਾ ਹੈ ਤੇ ਇਸ ਦਾ ਹਾਸ ਅਭਿਨੇਤਾ ਮਿਹਰ ਮਿੱਤਲ। ਭਲਵਾਨ ਸੁੱਚਾ ਸਿੰਘ ਦੀ "ਜੱਟ ਦਾ ਗੰਡਾਸਾ" ਐਕਸ਼ਨ ਫਿਲਮਾਂ ਦੀ ਲੜੀ ਦਾ ਇਕ ਹੋਰ ਮਣਕਾ ਹੈ, ਇਸ ਦੀ ਆਊਟ ਡੋਰ ਸ਼ੂਟਿੰਗ ਫਗਵਾੜਾ ਦੇ ਆਸ ਪਾਸ ਪਿੰਡਾਂ 'ਚ ਹੋਈ ਸੀ। ਜਨਕ ਰਾਜ ਸ਼ਰਮਾ ਦੀ "ਰੇਸ਼ਮਾ" ਨੇ ਮਸੀਬਤਾਂ ਦੀਆਂ ਕਈ ਘਾਟੀਆਂ ਪਾਰ ਕਰਕੇ ਆਖਰ ਰਿਲੀਜ਼ ਹੋਣ ਦਾ ਮਨ ਬਣਾ ਲਿਆ। ਇਸ ਦਾ ਹੀਰੋ ਬੌਬੀ ਫੇਮ ਵਾਲਾ ਵਾਇਕ ਸ਼ੈਲੇਂਸਰ ਸਿੰਘ ਤੇ ਹੀਰੋਇਨ ਬਿੰਦੀਆ ਗੋਸਵਾਮੀ ਹੈ। ਇਸੇ ਤਰ੍ਹਾਂ ਕਈ ਸਾਲਾਂ ਤੋਂ ਰਿਲੀਜ਼ ਹੋਣ ਲਈ ਸਹਿਕ ਰਹੀ ਫਿਲਮ "ਸੱਸੀ ਪੁੰਨੂੰ" ਹੁਣ ਮੈਦਾਨ ਵਿਚ ਆਉਣ ਲਈ ਉਸਲਵੱਟੇ ਲੈ ਰਹੀ ਹੈ। ਇਸ ਦਾ ਖਲਨਾਇਕ ਵੀ ਵਿਜੈ ਟੰਡਨ ਹੈ। ਇਸ ਦਾ ਇਕ ਗਾਣਾ "ਦੱਸ ਮੇਰਿਆ ਮਹਿਰਮਾ ਵੇ ਤੂੰ ਕਿਹੜੇ ਅਰਸ਼ ਦਾ ਤਾਰਾ" ਹਰਮਨ ਪਿਆਰਾ ਹੋ ਚੁੱਕਾ ਹੈ। ਦਾਰਾ ਸਿੰਘ ਦੀ "ਅਣਖੀਲੀ ਮੁਟਿਆਰ" ਜਾਗੀਰਦਾਰਾਂ ਤੇ ਮੁਜ਼ਾਰਿਆਂ ਦੀ ਟੱਕਰ ਨੂੰ ਦਰਸਾਉਂਦੀ ਹੈ। ਇਸ ਦੀ ਬਹੁਤੀ ਆਊਟ ਡੋਰ ਸ਼ੂਟਿੰਗ ਚੰਡੀਗੜ੍ਹ ਵਿਚ ਹੋਈ ਸੀ। "ਲਾਲ ਚੂੜਾ" ਦੀ ਲੰਮੀ ਹਵਾ ਸੁਣੀ ਗਈ ਹੈ, ਇਸ ਦਾ ਹੀਰੋ ਨਵਾਂ ਚਿਹਰਾ ਸੰਦੀਪ ਤੇ ਹੀਰੋਇਨ ਭਾਵਨਾ ਭੱਟ ਹੈ। ਚਿਰਾਂ ਤੋਂ ਤਿਆਰ ਪਈ "ਅੰਗਰੇਜਣ" ਨੂੰ ਵੀ ਸਿਨੇਮਾ ਘਰਾਂ 'ਚ ਭੇਜਣ ਦੀਆਂ ਤਰਕੀਬਾਂ ਬਣ ਰਹੀਆਂ ਹਨ।

ਤਿਆਰੀ ਅਧੀਨ ਫਿਲਮਾਂ : ਅਨਿਲ ਦੀਪਕ ਤੇ ਸਾਥੀਆਂ ਦੀ ਬਹੁ-ਚਰਚਿਤ ਫਿਲਮ "ਕੀ ਬਣੂ ਦੁਨੀਆਂ ਦਾ" ਵਿਚ ਦਲਜੀਤ ਕੌਰ, ਗੁਰਦਾਸ ਮਾਨ, ਮਿੱਤਲ ਤੋਂ ਇਲਾਵਾ ਦਾਰਾ ਸਿੰਘ ਨੂੰ ਵੀ ਵੱਡੇ ਰੋਲ ਵਿਚ ਸ਼ਾਮਲ ਕਰ ਲਿਆ ਸੀ। ਮਿੱਠੇ ਸੰਗੀਤ ਤੇ ਭਰਪੂਰ ਐਕਸ਼ਨ ਵਾਲੀ ਇਸ ਸੰਘਣੀ ਫਿਲਮ ਦਾ ਨਿਰਦੇਸ਼ਨ ਜਗਜੀਤ ਨੇ ਦਿੱਤਾ ਹੈ ਜਦ ਕਿ ਕਹਾਣੀ ਅਨਿਲ ਦੀਪਕ ਨੇ ਲਿਖੀ ਹੈ। ਇਸ ਦੀ ਆਊਟ ਡੋਰ ਸ਼ੂਟਿੰਗ ਬਠਿੰਡਾ ਵਿਚ ਹੋਈ ਸੀ। ਵਰਿੰਦਰ ਦੀਆਂ ਦੋ ਫਿਲਮਾਂ "ਯਾਰੀ ਜੱਟ ਦੀ" ਅਤੇ "ਜੱਟਾਂ ਦੇ ਪੁੱਤ ਸ਼ੇਰ" ਤੇਜ਼ੀ ਨਾਲ ਮੁਕੰਮਲ ਹੋ ਰਹੀਆਂ ਹਨ। ਇਸੇ ਤਰ੍ਹਾਂ "ਪੀਂਘਾਂ ਪਿਆਰ ਦੀਆਂ" ਦਿੱਲੀ 'ਚ ਸ਼ੂਟਿੰਗ ਕਰਨ ਉਪਰੰਤ ਪੂਰੀ ਹੋਣ ਦੇ ਨੇੜੇ ਤੇੜੇ ਪੁੱਜ ਗਈ ਹੈ। ਇਸ ਦੀ ਹੀਰੋਇਨ ਸ਼ਵੇਤਾ ਤੇ ਹੀਰੋ ਸਤੀਸ਼ ਕੌਲ ਹੈ।

ਨਵੀਆਂ ਸ਼ੁਰੂ ਹੋਈਆਂ ਫਿਲਮਾਂ 'ਚੋਂ "ਪਟੋਲਾ" ਦੀ ਆਊਟ ਡੋਰ ਸ਼ੂਟਿੰਗ ਇਹਨੀਂ ਦਿਨੀਂ ਕੋਟਕਪੂਰਾ ਇਲਾਕੇ ਵਿਚ ਚਲ ਰਹੀ ਹੈ। ਜਗਜੀਤ ਦੀ ਡਾਇਰੈਕਸ਼ਨ ਹੇਠ ਸ਼ੋਭਨੀ ਸਿੰਘ, ਸਤੀਸ਼ ਕੌਲ, ਵਰਿੰਦਰ ਤੇ ਮਿੱਤਲ ਕੰਮ ਕਰ ਰਹੇ ਹਨ। ਇਨ੍ਹਾਂ 'ਚ ਗਾਇਕ ਚਮਕੀਲੇ ਦਾ ਅਖਾੜਾ ਵੀ ਦਿਖਾਈ ਦੇਵੇਗਾ। ਅਨਿਲ ਪੰਡਤ ਹਾਸ-ਅਭਿਨੇਤਾ ਨੇ "ਜੀਜਾ ਸਾਲੀ" ਵਿਚਲੇ ਆਪਣੇ ਪਾਪੂਲਰ ਗਾਣੇ ਦੇ ਮੁਖੜੇ ਨੂੰ ਲੈ ਕੇ ਨਵੀਂ ਫਿਲਮ "ਮੇਰੇ ਯਾਰ ਦਾ ਡੋਲਾ" ਉਪਰ ਕੰਮ ਅਰੰਭ ਦਿਤਾ ਹੈ। ਪ੍ਰੋਡਿਊਸਰ ਮੁਕੇਸ਼ ਸ਼ਰਮਾ ਦੀ "ਨਖੱਟੂ" ਦਾ ਟਾਈਟਲ ਰੋਲ ਮੇਹਰ ਮਿੱਤਲ ਕਰੇਗਾ ਤੇ ਖਲਨਾਇਕੀ ਦਿਖਾਏਗਾ ਵਿਜੈ ਟੰਡਨ। ਇਸ ਦਾ ਨਿਰਦੇਸ਼ਨ ਦੇਵੇਗਾ ਜੇ. ਐਸ. ਲਿਖਾਰੀ। ਹੀਰੋਇਨ ਸ਼ੋਭਨੀ ਸਿੰਘ ਹੈ ਤੇ ਪੂਨਮ ਢਿੱਲੋਂ ਨੂੰ ਗੈਸਟ ਆਰਟਿਸਟ ਲਈ ਮਨਾਇਆ ਜਾ ਰਿਹਾ ਹੈ। ਅਤੁਲ ਸ਼ਰਮਾ ਦੇ ਸੰਗੀਤ ਵਿਚ ਮਹਿੰਦਰ ਕਪੂਰ, ਸਵਿਤਾ ਤੇ ਮਨਮੋਹਨ ਸਿੰਘ ਦੀ ਆਵਾਜ਼ 'ਚ ਗਾਣੇ ਰਿਕਾਡਰ ਹੋ ਚੁੱਕੇ ਹਨ। ਇਸ ਦੀ ਆਊਟ ਡੋਰ ਸ਼ੂਟਿੰਗ ਮਾਨਸਾ ਇਲਾਕੇ 'ਚ ਅਪਰੈਲ ਵਿਚ ਹੋਵੇਗੀ।

ਲਵ ਐਂਡ ਗਾਡ

"ਮੁਹੱਬਤ ਤੇ ਖੁਦਾ" ਉਰਫ 'ਲਵ ਐਂਡ ਗਾਡ" ਹਿੰਦੀ ਫਿਲਮ ਦੀ ਲੱਖਾਂ ਕਰੋੜਾਂ ਲੋਕਾਂ ਵਲੋਂ ਅੱਡੀਆਂ ਚੁੱਕ ਕੇ ਉਡੀਕ ਕੀਤੀ ਜਾ ਰਹੀ ਹੈ। "ਤੇਰੀ ਮਿਹਰਬਾਨੀਆਂ" ਤੇ "ਪਿਆਰ ਝੁਕਤਾ ਨਹੀਂ" ਫਿਲਮਾਂ ਨਾਲ ਡਾਇਰੈਕਟਰ ਵਜੋਂ ਸਥਾਪਤ ਹੋਏ ਕੇ. ਸੀ. ਬੋਕਾਡੀਆ ਨੇ ਬਹੁ-ਚਰਚਿਤ ਫਿਲਮ 'ਲਵ ਐਂਡ ਗਾਡ' ਨੂੰ ਸਪੂਰਨ ਕਰਨ ਦਾ ਬੀੜਾ ਉਠਾਇਆ ਹੈ ਤੇ ਹੁਣ ਪੂਰਾ ਕਰਕੇ ਵੀ ਦਿਖਾ ਦਿਤਾ। "ਵੀਨਸ" ਨੇ ਇਸ ਦੀਆਂ ਕੈਸਟਾਂ ਬਜ਼ਾਰ 'ਚ ਭੇਜ ਦਿਤੀਆਂ ਹਨ। ਅਗਲੇ ਦਿਨਾਂ ਵਿਚ ਇਹ ਫਿਲਮਾਂ ਸਿਨੇਮਾ ਘਰਾਂ ਵਿਚ ਪ੍ਰਵੇਸ਼ ਕਰੇਗੀ।

"ਲਵ ਐਂਡ ਗਾਡ" ਦੇ ਬੜੇ ਹੀ ਦੁਖਾਂਤਕ ਕਿੱਸੇ ਹਨ। ਜਿਵੇਂ ਕਿ ਕਈਆਂ ਨੂੰ ਪਤਾ ਹੋਵੇਗਾ ਇਸ ਫਿਲਮ ਨੂੰ ਕਿਸੇ ਸਮੇਂ ਕੇ, ਆਸਿਫ ਨੇ ਸ਼ੁਰੂ ਕੀਤਾ ਸੀ। ਸਮੇਂ ਸਮੇਂ ਸਿਰ, ਇਸ ਫਿਲਮਾਂ ਨਾਲ ਜੁੜੀਆਂ ਹਸਤੀਆਂ ਸਦਾ ਲਈ ਅੱਖਾਂ ਮੀਟਦੀਆਂ ਗਈਆਂ ਤੇ ਫਿਲਮ ਦਾ ਕੰਮ ਠੱਪ ਹੋ ਕੇ ਰਹਿ ਜਾਂਦਾ ਰਿਹਾ। ਸਭ ਤੋਂ ਪਹਿਲਾਂ ਅਭਿਨੇਤਾ ਗੁਰੂ ਦੱਤ ਦੀ ਮੌਤ ਹੋਈ ਤੇ ਉਦੋਂ "ਲਵ ਐਂਡ ਗਾਡ" ਪੰਜਾਹ ਪ੍ਰਤੀਸ਼ਤ ਤੋਂ ਵੱਧ ਬਣ ਚੁੱਕੀ ਸੀ ਇਸ ਉਪਰ ਇਕ ਕਰੋੜ ਰੁਪਏ ਤੋਂ ਜ਼ਿਆਦਾ ਖਰਚ ਆ ਗਿਆ ਸੀ। ਕਾਫੀ ਸਮਾਂ ਅਧੂਰੀ ਫਿਲਮ ਡੱਬਿਆਂ ਵਿਚ ਸਹਿਕਦੀ ਰਹੀ। ਫਿਰ ਕੇ. ਆਸਿਫ ਦੇ ਦਿਮਾਗ ਨੂੰ ਸੁਝਿਆ ਕਿ ਸੰਗੀਵ ਕੁਮਾਰ ਨੂੰ ਲੈ ਕੇ ਫਿਲਮ ਪੂਰੀ ਕੀਤੀ ਜਾਵੇ। ਨੇੜਲੇ ਦ੍ਰਿਸ਼ਾਂ 'ਚ ਸੰਜੀਵ ਕੁਮਾਰ ਨੂੰ ਲੈਣ ਦਾ ਤੇ "ਲਾਂਗ ਸ਼ਾਟ" ਵਿਚ ਗੁਰੂ ਦੱਤ ਤੇ ਫਿਲਮਾਏ ਦ੍ਰਿਸ਼ਾਂ ਨੂੰ ਵਰਤਣ ਦਾ ਫੈਸਲਾ ਹੋਇਆ।

ਉਹਨੀਂ ਦਿਨੀਂ ਸੰਜੀਵ ਨੂੰ ਉਚੇਚੀਆਂ ਹਦਾਇਤਾਂ ਦੇ ਕੇ ਭਾਰ ਘੱਟ ਕਰਾ ਕੇ ਗੁਰੂ ਦੱਤ ਵਰਗਾ ਬਣਾਇਆ ਗਿਆ। ਫਿਲਮ ਅੱਗੇ ਤੁਰੀ ਪਰ ਇਕ ਦਿਨ ਅਚਾਨਕ ਕੇ. ਆਸਿਫ ਉਸ ਦੁਨੀਆਂ ਤੋਂ ਕੂਚ ਕਰ ਗਿਆ ਤੇ ਰੀਲ੍ਹਾਂ ਮੁੜ ਡੱਬਿਆਂ 'ਚ ਬੰਦ ਹੋ ਕੇ ਰਹਿ ਗਈਆਂ। ਡੇਢ ਦਹਾਕਾ "ਲਵ ਐਂਡ ਗਾਡ" ਦੀ ਕਿਸੇ ਨੇ ਉਘ ਸੁਘ ਨਾ ਲਈ। ਇਸ ਲੰਬੇ ਸਮੇਂ ਵਿਚ ਫਿਲਮ ਦੀ ਹੀਰੋਇਨ ਨਿੰਮੀ ਦੀ ਜਵਾਨੀ ਢਲ ਗਈ। ਹੀਰਾ ਲਾਲ, ਨਜ਼ੀਰ ਹੁਸੈਨ ਤੇ ਜਯੰਤ ਵਰਗੇ ਇਸ ਫਿਲਮ ਦੇ ਕਲਾਕਾਰ "ਤੁਰ" ਗਏ। ਇਥੋਂ ਤੱਕ ਕਿ ਫਿਲਮ ਦਾ ਲੇਖਕ ਮੁਖਤਾਰ ਤੇ ਆਰਟ ਡਾਇਰੈਕਟਰ ਸਈਅਦ ਵੀ ਨਾ ਰਿਹਾ।

ਪਿੱਛੇ ਜਿਹੇ ਜਦੋਂ ਸੰਜੀਵ ਕੁਮਾਰ ਵਿਦੇਸ਼ਾਂ ਤੋਂ ਦਿਲ ਦਾ ਇਲਾਜ਼ ਕਰਵਾ ਕੇ ਪਰਤਿਆ ਤਾਂ ਫਿਲਮ "ਲਵ ਐਂਡ ਗਾਡ" ਨੂੰ ਕੇ. ਸੀ. ਬੋਕਾਡੀਆ ਨੇ ਮੁਕੰਮਲ ਕਰਨ ਦਾ ਟੀਚਾ ਮਿਥਿਆ।

ਕਾਫੀ ਕੰਮ ਨਿਪਟਾਇਆ ਗਿਆ, ਡਬਿੰਗ ਹੁੰਦੀ ਰਹੀ ਤੇ ਰਾਜਸਥਾਨ ਨੂੰ ਆਊਟ ਡੋਰ ਸ਼ੂਟਿੰਗ ਲਈ ਯੂਨਿਟ ਲਿਜਾਣ ਦੀਆਂ ਤਿਆਰੀਆਂ ਮਿਥੀਆਂ ਗਈਆਂ ਕਿ ਸੰਜੀਵ ਕੁਮਾਰ ਸੁਰਗਵਾਸ ਹੋ ਗਿਆ। ਪਰ ਬੋਕਾਡੀਆ ਨੇ ਹਿੰਮਤ ਨਹੀਂ ਹਾਰੀ ਤੇ ਰਾਜੀਵ ਨੂੰ ਲੈ ਕੇ ਸੰਜੀਵ ਦੇ ਸੀਨ ਪੂਰੇ ਕਰ ਲਏ ਹਨ।

"ਲਵ ਐਂਡ ਗਾਡ" ਦੀ ਫੋਟੋਗਰਾਫੀ ਆਰ. ਡੀ. ਮਾਥੁਰ ਦੀ ਹੈ ਤੇ ਗੀਤ

ਬਾਕੀ ਪੰਨਾ ੧੫ ਤੇ

1992 ਦੀਆਂ ਉਲੰਪਿਕ ਖੇਡਾਂ:ਭਾਰਤ ਦਾਅਵੇਦਾਰ

ਅਜੀਤ ਸਿੰਘ ਚੀਮਾ

ਆਧੁਨਿਕ ਉਲੰਪਿਕ ਖੇਡਾਂ ਦਾ ਆਰੰਭ 1896 ਈਸਵੀ ਵਿਚ ਹੋਇਆ। ਇਸ ਦਾ ਜਨਮਦਾਤਾ ਕੂਬਰਟੀਨ ਮੰਨਿਆ ਜਾਂਦਾ ਹੈ। ਪੁਰਾਤਨ ਖੇਡਾਂ ਦਾ ਆਰੰਭ ਲਗਭਗ ਤਿੰਨ ਹਜ਼ਾਰ ਸਾਲ ਪਹਿਲਾਂ ਯੂਨਾਨ ਵਿਚ ਉਲੰਪੀਅਨ ਨਾਮ ਦੀ ਪਹਾੜੀ 'ਤੇ ਹੋਇਆ ਸੀ। ਇਨ੍ਹਾਂ ਖੇਡਾਂ ਦਾ ਜਨਮਦਾਤਾ ਇਫੀਟਸ ਅਤੇ ਕਲੀਓਂਬੇਲਿਸ ਨੂੰ ਮੰਨਿਆ ਜਾਂਦਾ ਹੈ। 776 ਈ. ਪੂ. ਵਾਲੀਆਂ ਇਨ੍ਹਾਂ ਖੇਡਾਂ ਦਾ ਪਹਿਲਾ ਜੇਤੂ ਕਾਟਬਸ ਸੀ। ਪੁਰਾਤਨ ਖੇਡਾਂ ਨੂੰ ਸ਼ੁਰੂ ਕਰਨ ਦਾ ਉਸ ਵੇਲੇ ਦਾ ਮਕਸਦ ਹਮੇਸ਼ਾ ਲੜਦੀਆਂ ਰਹਿੰਦੀਆਂ ਯੂਨਾਨੀ ਰਿਆਸਤਾਂ ਦਾ ਧਿਆਨ ਪ੍ਰਵਰਤਿਤ ਕਰਨ ਤੋਂ ਸੀ।

ਭਾਰਤ ਨੇ ਅੰਗਰੇਜ਼ਾਂ ਦੀ ਗੁਲਾਮੀ ਸਮੇਂ ਸਭ ਤੋਂ ਪਹਿਲਾਂ 1900 ਵਿਚ ਇਨ੍ਹਾਂ ਖ਼ੇਡਾਂ ਵਿਚ ਭਾਗ ਲਿਆ। 1928 ਤੋਂ 1956 ਤਕ ਲਗਾਤਾਰ ਸੱਤ ਵਾਰ ਹਾਕੀ ਵਿਚ ਸੋਨ ਤਮਗਾ ਜਿੱਤ ਕੇ ਇਸ ਨੇ ਦੂਸਰੇ ਦੇਸ਼ਾਂ ਨੂੰ ਆਪਣਾ ਲੋਹਾ ਮੰਨਵਾ ਲਿਆ ਸੀ। ਇਸ ਨੂੰ ਅਸੀਂ ਭਾਰਤੀ ਹਾਕੀ ਦਾ ਸੁਨਹਿਰੀ ਯੁੱਗ ਵੀ ਕਹਿ ਸਕਦੇ ਹਾਂ।

ਇਤਿਹਾਸ ਦੀਆਂ ਬਦਲਦੀਆਂ ਸਥਿਤੀਆਂ ਕਾਰਨ 1916 ਵਿਚ ਪਹਿਲੇ ਵਿਸ਼ਵ ਯੁੱਧ ਕਾਰਨ ਅਤੇ ਫਿਰ 1944 ਵਿਚ ਦੂਸਰੇ ਵਿਸ਼ਵ ਯੁੱਧ ਕਾਰਨ ਇਹ ਖੇਡਾਂ ਨਾ ਹੋ ਸਕੀਆਂ।

ਖੇਡਾਂ ਦੀ ਪੁਰਾਣੀ ਚਲੀ ਆਉਂਦੀ ਪ੍ਰਥਾ ਅਨੁਸਾਰ ਉਲੰਪਿਕਸ ਹਮੇਸ਼ਾ ਕਿਸੇ ਦੇਸ਼ ਦੇ ਨਾਮ 'ਤੇ ਅਲਾਟ ਨਹੀਂ ਕੀਤੀਆਂ ਜਾਂਦੀਆਂ ਸਗੋਂ ਉਸ ਦੇਸ਼ ਦੇ ਕਿਸੇ ਮਹਾਂਨਗਰ ਨੂੰ ਅਲਾਟ ਕੀਤੀਆਂ ਜਾਂਦੀਆਂ ਹਨ। ਭਾਰਤ ਕਾਫੀ ਲੰਮੇ ਸਮੇਂ ਤੋਂ ਖੇਡਾਂ ਦੇ ਇਸ ਮਹਾਨ ਦੰਗਲ ਨੂੰ ਦਿੱਲੀ ਵਿਚ ਕਰਵਾਉਣ ਦਾ ਮਾਣ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਰਿਹਾ ਹੈ। ਇਸ ਵਾਰ 1992 ਦੀਆਂ ਉਲੰਪਿਕਸ ਦੇ ਦਾਅਵੇਦਾਰਾਂ ਵਿਚ ਭਾਰਤ ਦਾ ਨਾਮ ਮੈਰਿਟ 'ਤੇ ਹੈ। ਚਾਰ ਜਾਂ ਪੰਜ ਹੋਰ ਦੇਸ਼ ਵੀ ਇਸ ਦੇ ਦਾਅਵੇਦਾਰ ਹਨ। ਪਰ ਨਿਬੇੜਾ ਹੋਣਾ ਹੈ ਵੱਧ ਸਹੂਲਤਾਂ ਅਤੇ ਖਿਡਾਰੀਆਂ ਦੀ ਸੁਰੱਖਿਆ ਅਤੇ ਚੰਗੀ ਦੇਖਭਾਲ ਦੇ ਆਧਾਰ 'ਤੇ।

ਏਸ਼ੀਆ ਵਿਚ ਜਪਾਨ ਹੀ ਅਜਿਹਾ ਭਾਗਸ਼ਾਲੀ ਦੇਸ਼ ਹੈ ਜਿਸ ਨੂੰ 1896 ਤੋਂ 1984 ਤਕ ਦੋ ਵਾਰ ਇਹ ਖੇਡਾਂ ਕਰਵਾਉਣ ਦਾ ਮਾਣ ਹਾਸਲ ਹੋ ਚੁੱਕਿਆ ਹੈ। ਜੇ ਸਾਨੂੰ 1992 ਵਿਚ ਇਹ ਮਾਣ ਹਾਸਲ ਹੋ ਜਾਂਦਾ ਹੈ ਤਾਂ ਇਹ ਸਾਡੀ ਮਹਾਨ ਪ੍ਰਾਪਤੀ ਹੋਵੇਗੀ।

ਮੋਟੇ ਤੌਰ 'ਤੇ ਉਲੰਪਿਕ ਖੇਡਾਂ ਵਿਚ 21 ਵੱਖ ਵੱਖ ਖੇਡਾਂ ਸ਼ਾਮਲ ਹੁੰਦੀਆਂ ਹਨ ਜਿਵੇਂ ਕਿ ਤੀਰ-ਅੰਦਾਜ਼ੀ, ਐਥਲੈਟਿਕਸ, ਬਾਸਕਟਬਾਲ, ਮੁੱਕੇਬਾਜ਼ੀ, ਸਾਈਕਲਿੰਗ, ਘੋੜ ਸਵਾਰੀ।




ਪੋਸਟ ਮਾਰਟਮ

ਅਕਾਲੀ ਤੇ ਅੱਤਵਾਦੀ

ਭਾਰਤ ਦੇ ਪ੍ਰਧਾਨ ਮੰਤਰੀ ਨੇ ਪੰਜਾਬ ਦੇ ਅਕਾਲੀਆਂ ਨੂੰ ਬਾਲਗ ਵਿਦਿਆ ਪੜ੍ਹਾਉਣ ਲਈ ਇਕ ਨਵਾਂ ਤਰੀਕਾ ਧਾਰਨ ਕੀਤਾ ਹੈ। ਉਨ੍ਹਾਂ ਨੇ ਇਹ ਕਹਿਣਾ ਸ਼ੁਰੂ ਕੀਤਾ ਹੈ ਕਿ "ਆੜਾ" ਅਕਾਲੀ ਤੇ "ਆੜਾ" ਅੱਤਵਾਦੀ ਹੁੰਦਾ ਹੈ। ਪੰਜਾਬ ਵਿਚ ਦੋ ਹੀ ਔਕੜਾਂ ਹਨ। ਇਕ ਅਕਾਲੀ ਮਨਿਸਟ੍ਰੀ ਤੇ ਦੂਜਾ ਅੱਤਵਾਦੀ ਹਮਲੇ। ਇਨ੍ਹਾਂ ਦੋਹਾਂ ਨੂੰ ਨੱਥ ਪਾ ਲਈ ਜਾਵੇ ਤਾਂ ਪੰਜਾਬ ਵਿਚ ਅਮਨ-ਚੈਨ ਦੀ ਬੰਸਰੀ ਵੱਜ ਸਕਦੀ ਹੈ। ਅਕਾਲੀ ਤੀਜੇ "ਆੜੇ" ਤੋਂ ਭੀ ਡਰਦੇ ਹਨ ਤੇ ਉਹ ਹੈ "ਅਖਬਾਰਾਂ"।

ਪੰਜਾਬ ਦੀ ਅਕਾਲੀ ਸਰਕਾਰ ਇਹ ਸਮਝਦੀ ਹੈ ਕਿ ਇਥੇ ਕੋਈ ਪੁਲੀਸ ਦੀ ਕਮਜ਼ੋਰੀ ਦਾ ਮਸਲਾ ਨਹੀਂ ਹੈ ਸਗੋਂ ਪੋਲੀਟੀਕਲ ਉਲਝਣਾਂ ਹਨ। ਜੇ ਭਾਰਤ ਦੀ ਸਰਕਾਰ ਇਮਾਨਦਾਰੀ ਨਾਲ ਪੰਜਾਬ ਸਮਝੌਤੇ 'ਤੇ ਅਮਲ ਕਰ ਜਾਂਦੀ ਅਤੇ ਪਹਿਲੇ ਹੱਲੇ ਹੀ ਪੰਜਾਬ ਨੂੰ ਚੰਡੀਗੜ੍ਹ ਮੋੜ ਦਿੰਦੀ। ਦੂਜੇ ਹੱਲੇ ਹਰਿਆਣੇ ਤੇ ਹਿਮਾਚਲ ਦੇ ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇ ਦਿੱਤੇ ਜਾਂਦੇ ਤੇ ਤੀਜੇ ਹੱਲੇ ਪੰਜਾਬੀਆਂ ਲਈ ਫੌਜ ਦੀ ਭਰਤੀ ਖੋਲ੍ਹੀ ਜਾਂਦੀ ਤਾਂ ਹੁਣ ਨੂੰ ਸਾਰਾ ਅੱਤਵਾਦ ਮੁੱਕ ਜਾਣਾ ਸੀ। ਭਾਰਤ ਸਰਕਾਰ ਇਨ੍ਹਾਂ ਗੱਲਾਂ ਵੱਲ ਤਾਂ ਉਕਾ ਧਿਆਨ ਨਹੀਂ ਦੇ ਰਹੀ ਪੁੱਠ ਲਾਅ ਐਂਡ ਆਰਡਰ ਦਾ ਰੌਲਾ ਪਾਈ ਜਾ ਰਹੀ ਹੈ। ਜਿਨ੍ਹਾਂ ਚੀਜ਼ਾਂ ਨੇ ਲਾਅ ਐਂਡ ਆਰਡਰ ਖਰਾਬ ਕੀਤਾ ਹੈ ਜਿੰਨਾ ਚਿਰ ਉਹ ਠੀਕ ਨਹੀਂ ਹੋ ਜਾਂਦੀਆਂ ਓਨਾ ਚਿਰ ਪੰਜਾਬ ਨੂੰ ਅਣਗਿਣਤ ਬੀਮਾਰੀਆਂ ਚਿੰਬੜੀਆਂ ਰਹਿਣਗੀਆਂ ਪਰ ਦਿੱਲੀ ਦੇ "ਆੜਾ" ਅਕਾਲੀ ਤੇ "ਆੜਾ" ਅੱਤਵਾਦੀ ਕਹਿਣ ਵਾਲੇ ਲੋਕ ਆਪਣੀ ਮੁਹਾਰਨੀ ਬੁਲਾਈ ਜਾ ਰਹੇ ਹਨ। ਜਦੋਂ ਕੋਈ ਬੰਦਾ ਕਹਿੰਦਾ ਹੈ ਕਿ ਪੰਜਾਬ ਦੀ ਸਥਿਤੀ ਵਿਗਾੜਨ ਵਿਚ ਸਭ ਤੋਂ ਵੱਧ ਤੁਹਾਡਾ ਕਸੂਰ ਹੈ ਤਾਂ ਝੱਟ ਕਹਿ ਦਿੱਤਾ ਜਾਂਦਾ ਹੈ ਕਿ ਅਸੀਂ ਪੰਜਾਬ ਸਮਝੌਤਾ ਲਾਗੂ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਸ਼ਾਇਦ ਉਹ ਸੋਚ ਰਹੇ ਹਨ ਕਿ ਮੈਥਿਊ ਕਮਿਸ਼ਨ ਨੇ ਉਨ੍ਹਾਂ ਨੂੰ ਉਹ ਕੁਝ ਨਹੀਂ ਬਖਸ਼ਿਆ ਹੈ ਜੋ ਉਹ ਉਸ ਤੋਂ ਲੈਣਾ ਚਾਹੁੰਦੇ ਸਨ। ਇਹ ਲਈ ਹੁਣ ਕੋਈ ਨਵਾਂ ਕਮਿਸ਼ਨ ਬਿਠਾ ਕੇ ਬਾਕੀ ਦੇ ਪੰਜਾਬ ਨੂੰ ਡਾਂਗਣ ਦੀਆਂ ਕੋਸ਼ਿਸ਼ਾਂ ਵਿਚ ਹਨ।

ਚਾਚਾ ਚੰਡੀਗੜ੍ਹੀਆ



ਪੰਨਾ 18 ਦੀ ਬਾਕੀ

ਲਿਖੇ ਹਨ ਕੁਮਾਰ ਬਾਰਾਬੰਕਵੀ, ਅਸਦ ਭੂਪਾਲੀ ਨੇ। "ਲਵ ਐਂਡ ਗਾਡ" ਮਸ਼ਹੂਰ ਪ੍ਰੇਮ ਕਹਾਣੀ "ਲੈਲਾ ਮਜਨੂੰ" ਤੇ ਅਧਾਰਿਤ ਹੈ। ਫਿਲਮ ਕਿਹੋ ਜਿਹੀ ਹੈ ਇਹ ਤਾਂ ਸਮਾਂ ਹੀ ਦੱਸੇਗਾ ਪਰ ਇਕ ਗੱਲ ਜ਼ਰੂਰ ਹੈ ਕਿ "ਲਵ ਐਂਡ ਗਾਡ" ਹੁਣ ਤਕ ਦੇ ਪੜਾਵਾਂ ਨਾਲ ਏਨੀ ਰਹੱਸਮਈ ਬਣ ਗਈ ਹੈ ਕਿ ਕਰੋੜਾਂ ਫਿਲਮ ਪ੍ਰੇਮੀਆਂ ਨੂੰ ਇਸ ਦੇ ਇਕ ਵਾਰ ਦੇਖਣ ਦੀ ਉਤਸੁਕਤਾ ਹੈ।

ਸ਼ਮਸ਼ੇਰ ਸਿੰਘ ਸੰਧੂ



● ਉਤਸੁਕਤਾ-ਭਰਪੂਰ ਫਿਲਮ "ਲਵ ਐਂਡ ਗਾਡ" ਦੇ ਭਾਵੁਕ-ਦ੍ਰਿਸ਼ 'ਚ ਸੰਜੀਵ ਕੁਮਾਰ ਤੇ ਨਿੰਮੀ।

ਕੰਨਿਆ ਦੀ ਲੋੜ

ਇਕ 32 ਸਾਲਾ ਲੜਕੇ ਲਈ ਇਕ ਖੂਬਸੂਰਤ ਲੜਕੀ ਦੀ ਲੋੜ ਹੈ। ਲੜਕਾ ਕੰਮ ਤੇ ਲੱਗਾ ਹੋਇਆ ਹੈ ਤੇ 16 ਡਾਲਰ ਘੰਟੇ ਦੇ ਲੈਂਦਾ ਹੈ। ਲੜਕਾ ਕੈਨੇਡੀਅਨ ਸਿਟੀਜ਼ਨ ਹੈ ਤੇ ਜੱਟ ਸਿੱਖ ਪਰਵਾਰ ਨਾਲ ਸਬੰਧਤ ਹੈ। ਤੇ ਕਲੀਨ-ਸ਼ੇਵਨ ਹੈ। ਲੜਕੀ ਇੰਮੀਗਰੈਂਟ ਜਾਂ ਸਿਟੀਜ਼ਨ ਹੋਵੇ। ਲੜਕਾ ਤਲਾਕਸ਼ੁਦਾ ਹੈ। ਹੋਰ ਜਾਣਕਾਰੀ ਲਈ ਲਿਖੋ

J.S.P.
C/o Canada Darpan
P.O.BOX 67344 Stn. 0
Vancouver, B.C.

ਕੰਨਿਆ ਦੀ ਲੋੜ

26 ਸਾਲਾ ਜੱਟ ਸਿੱਖ ਨੌਜਵਾਨ ਲਈ, ਜੋ 12 ਗਰੇਡ ਅਤੇ ਡੀਜ਼ਲ ਇੰਜਨੀਅਰਿੰਗ ਹੈ, ਲਈ ਘੱਟੋ ਘੱਟ 12 ਗਰੇਡ ਪਾਸ ਲੜਕੀ ਉਮਰ 20 ਤੋਂ 23 ਸਾਲ ਵਾਲੀ ਸਿਟੀਜਨ ਜਾਂ ਇੰਮੀਗਰੈਂਟ ਲੜਕੀ ਦੀ ਲੋੜ ਹੈ। ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ :—

S.P.
C/0 CANADA DARPAN
P.O.BOX 67344 Stn. O
Vancouver, B.C. V5W 3T1

ਮੈਟਰੀਮੋਨੀਅਲ

ਇਕ 20-ਸਾਲਾ ਲੜਕੀ ਲਈ ਵਰ ਦੀ ਲੋੜ ਹੈ।

ਲੜਕੀ ਦਾ ਕੱਦ 5 ਫੁੱਟ 6 ਇੰਚ ਹੈ। ਉਸਨੇ ਭਾਰਤ ਤੋਂ ਪ੍ਰੀ-ਮੈਡੀਕਲ ਪਾਸ ਕੀਤੀ ਹੋਈ ਹੈ ਅਤੇ ਹੁਣ ਵੈਨਕੂਵਰ ਵਿਚ ਹੋਟਲ ਮੈਨੇਜਮੈਂਟ ਤੇ ਟੂਰਇਜ਼ਮ ਦਾ ਕੋਰਸ ਕਰ ਰਹੀ ਹੈ। ਨਾਲ ਕੰਮ ਵੀ ਕਰਦੀ ਹੈ।

ਉਸੇ ਪ੍ਰਵਾਰ ਦੇ ਇਕ 22-ਸਾਲਾ ਲੜਕੇ ਲਈ ਕੰਨਿਆ ਦੀ ਲੋੜ ਹੈ। ਲੜਕੇ ਦਾ ਕੱਦ 5 ਫੁੱਟ 8 ਇੰਚ ਹੈ। ਅਤੇ ਬੀ. ਕਾਮ ਪਾਸ ਕੀਤੀ ਹੋਈ ਹੈ। ਇਸ ਸਮੇਂ ਵੈਨਕੂਵਰ ਵਿਚ ਹੀ ਕੰਮ ਤੇ ਲੱਗਾ ਹੋਇਆ ਹੈ। ਨਾਲ ਹੀ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਹੈ। ਇੰਮੀਗਰੈਂਟ ਜਾਂ ਕੈਨੇਡੀਅਨ ਖਤੋ-ਖਿਤਾਬਤ ਕਰਨ। ਲੜਕੀ ਤੇ ਲੜਕਾ ਸਿੱਖ ਪ੍ਰਵਾਰ ਨਾਲ ਸਬੰਧਤ ਹਨ। ਖਤ ਲਿਖੋ :

A S C
C/0 Canada Darpan
Box 67344 Stn. 0
Vancouver, B.C. V5W 3T1

ਵਰ ਦੀ ਲੋੜ

ਇਕ 21 ਸਾਲਾ ਲੜਕੀ ਲਈ ਕੰਮ ਤੇ ਲੱਗੇ ਹੋਏ ਲੜਕੇ ਦੀ ਲੋੜ ਹੈ। ਲੜਕੀ ਕੰਮ ਕਰਦੀ ਹੈ ਅਤੇ ਇੰਡੀਆਂ ਦੀਆਂ ਦਸ ਜਮਾਤਾਂ ਪਾਸ ਹੈ ਅਤੇ ਕੈਨੇਡਾ ਆ ਕੇ ਵੀ 2-3 ਸਾਲ ਪੜ੍ਹਾਈ ਨੂੰ ਲਾਏ ਹਨ। ਹੋਰ ਜਾਣਕਾਰੀ ਫੋਨ ਤੇ ਜਾਂ ਚਿੱਠੀ ਪੱਤਰ ਕਰਕੇ ਪਤਾ ਕਰ ਸਕਦੇ ਹੋ।

K.S.
C/o Canada Darpan
P.O.BOX 67344 Stn. 0
Vancouver, B.C. V5W 3T1

ਕੰਨਿਆ ਦੀ ਲੋੜ

25 ਸਾਲਾ ਟਾਂਕ ਕਸ਼ੱਤਰੀ ਨੌਜਵਾਨ ਜੋ ਕਿ ਪਿਛਲੇ ਪੰਜ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ, ਲੜਕਾ H/Sc. ਪਾਸ ਹੈ, ਕੰਮ ਦੇ ਲੱਗਾ ਹੋਇਆ ਹੈ, ਖੂਬਸੂਰਤ ਹੈ ਲਈ 18 ਤੋਂ 24 ਸਾਲ ਤੱਕ ਦੀ Canadian Immigrant ਜਾਂ ਕਨੇਡੀਅਨ ਸਿਟੀਜਨ ਲੜਕੀ ਦੀ ਲੋੜ ਹੈ। ਵਿਆਹ ਸਾਦਾ ਤੇ ਜਲਦੀ, ਪੱਤਰ ਵਿਹਾਰ ਲਈ ਲਿਖੋ :—

A.S.
C/o Canada Darpan
P.O.BOX 67344 Stn O
Vancouver, B.C. V5W 3T1

ਵਾਜਪਈ ਬਟਾਲੇ ਵਿਚ

ਬੀ. ਜੇ. ਪੀ. ਲੀਡਰ ਅਟਲ ਬਿਹਾਰੀ ਬਾਜਪਈ ਬਟਾਲੇ ਵਿਚ ਘਟੀਆ ਵਾਰਦਾਤਾਂ ਦੇ ਨਿਰੀਖਣ ਲਈ ਆਏ ਤਾਕਿ ਪੰਜਾਬ ਵਿਚ ਵਿਗੜਦੀ ਸਥਿਤੀ ਦਾ ਅੰਦਾਜ਼ਾ ਲਾ ਸਕਣ। ਉਹਨਾਂ ਬੀ. ਜੇ. ਪੀ. ਪੰਜਾਬ ਦੇ ਪ੍ਰਧਾਨ ਡਾਕਟਰ ਬਲਦੇਵ ਪ੍ਰਕਾਸ਼ ਵੀ ਸਨ। ਬਾਅਦ ਵਿਚ ਉਹ ਸੁਰਜੀਤ ਸਿੰਘ ਬਰਨਾਲਾ ਨੂੰ ਵੀ ਮਿਲੇ। ਹਿੰਦੂ ਰਾਸ਼ਟਰੀ ਸੰਗਠਨ ਨੇ ਪ੍ਰਧਾਨ ਮੰਤਰੀ ਨੂੰ ਤਾਰਾਂ ਕੀਤੀਆਂ।